Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 14 13/05/2025 www.samajweekly.com samajweekly @samajweekly samajweekly

# ਸਾਰੇ ਭਾਰਤੀ ਫ਼ੌਜੀ ਅੱਡੇ, ਸਿਸਟਮ ਪੂਰੀ ਤਰ੍ਹਾਂ ਕਾਰਜਸ਼ੀਲ ਹਨ: ਏਅਰ ਆਪਰੇਸ਼ਨਜ਼ ਦੇ ਡਾਇਰੈਕਟਰ ਜਨਰਲ

### ਉਨ੍ਹਾਂ ਕਿਹਾ ਕਿ ਇੱਕ ਹੋਰ ਖ਼ਾਸ ਗੱਲ ਆਕਾਸ਼ ਪ੍ਰਣਾਲੀ ਵਰਗੇ ਸਵਦੇਸ਼ੀ ਹਵਾਈ ਰੱਖਿਆ ਹਥਿਆਰਾਂ ਦਾ ਸ਼ਾਨਦਾਰ ਪ੍ਰਦਰਸ਼ਨ ਸੀ

**ਨਵੀਂ ਦਿਲੀ।** ਭਾਰਤ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਦੇ ਸਾਰੇ ਫ਼ੌਜੀ ਅੱਡੇ ਅਤੇ ਪ੍ਰਣਾਲੀਆਂ ਨਿਰੰਤਰ ਅਤੇ ਪੂਰੀ ਤਰ੍ਹਾਂ ਕਾਰਜਸ਼ੀਲ ਹਨ ਅਤੇ ਲੋੜ ਪੈਣ 'ਤੇ ਕਿਸੇ ਵੀ ਮਿਸ਼ਨ ਨੂੰ ਅੰਜਾਮ ਦੇਣ ਲਈ ਤਿਆਰ ਹਨ। ਇੱਥੇ ਇੱਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ, ਭਾਰਤੀ ਹਵਾਈ ਸੈਨਾ ਦੇ ਡਾਇਰੈਕਟਰ ਜਨਰਲ ਏਅਰ ਆਪ੍ਰੇਸ਼ਨ ਏਅਰ ਮਾਰਸ਼ਲ ਏ. ਕੇ. ਭਾਰਤੀ ਨੇ ਕਿਹਾ ਕਿ ਭਾਰਤ ਦੀ ਮਜ਼ਬੂਤ ਹਵਾਈ ਰੱਖਿਆ ਪ੍ਰਣਾਲੀ ਨੇ ਭਾਰਤੀ ਸਥਾਪਨਾਵਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਪਾਕਿਸਤਾਨ ਦੀਆਂ ਕੋਸ਼ਿਸ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਾਕਾਮ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇੱਕ ਹੋਰ ਖ਼ਾਸ ਗੱਲ ਆਕਾਸ਼ ਪ੍ਰਣਾਲੀ ਵਰਗੇ ਸਵਦੇਸ਼ੀ ਹਵਾਈ ਰੱਖਿਆ ਹਥਿਆਰਾਂ ਦਾ ਸ਼ਾਨਦਾਰ ਪ੍ਰਦਰਸ਼ਨ ਸੀ। ਏਕੀਕ੍ਰਿਤ ਹਵਾਈ ਕਮਾਂਡ ਅਤੇ ਕੰਟਰੋਲ ਪ੍ਰਣਾਲੀ ਨੇ ਪਾਕਿਸਤਾਨ ਦੇ ਫ਼ੌਜੀ ਹਮਲਿਆਂ ਨੂੰ ਨਾਕਾਮ ਕਰ ਦਿੱਤਾ। ਭਾਰਤੀ ਨੇ ਕਿਹਾ, "ਸਾਡੀ ਲੜਾਈ ਅੱਤਵਾਦੀ ਢਾਂਚੇ ਅਤੇ ਅਤਿਵਾਦੀਆਂ ਵਿਰੁਧ ਸੀ, ਪਰ ਪਾਕਿਸਤਾਨੀ ਫ਼ੌਜ ਨੇ ਅਤਿਵਾਦੀਆਂ ਦਾ ਸਮਰਥਨ ਕਰਨਾ ਚੁਣਿਆ ਅਤੇ ਟਕਰਾਅ ਨੂੰ ਵਧਾ ਦਿੱਤਾ।" ਸਵੇਰੇ ਪਹਿਲਾਂ, ਭਾਰਤੀ ਫ਼ੌਜ ਨੇ ਕਿਹਾ, "ਜੰਮੂ-ਕਸ਼ਮੀਰ ਅਤੇ ਅੰਤਰਰਾਸ਼ਟਰੀ ਸਰਹੱਦ ਦੇ ਨਾਲ ਲੱਗਦੇ ਹੋਰ ਇਲਾਕਿਆਂ ਵਿੱਚ ਰਾਤ ਕਾਫ਼ੀ ਹੱਦ ਤੱਕ ਸ਼ਾਂਤੀਪੂਰਨ ਰਹੀ।" ਫ਼ੌਜ ਨੇ ਇੱਕ ਬਿਆਨ ਵਿੱਚ ਕਿਹਾ, "ਕੋਈ ਘਟਨਾ ਦੀ ਰਿਪੋਰਟ ਨਹੀਂ



ਹੈ।" ਇਹ ਹਾਲ ਹੀ ਦੇ ਸਮੇਂ ਵਿੱਚ ਪਹਿਲੀ ਸ਼ਾਂਤ ਰਾਤ ਸੀ।" ਭਾਰਤ ਨੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਜਵਾਬ ਵਿੱਚ 6 ਮਈ ਦੇਰ ਰਾਤ 'ਆਪ੍ਰੇਸ਼ਨ ਸਿੰਦੂਰ' ਤਹਿਤ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਵਿੱਚ ਨੌਂ ਅਤਿਵਾਦੀ ਢਾਂਚਿਆਂ ਨੂੰ ਤਬਾਹ ਕਰ ਦਿੱਤਾ ਸੀ। ਇਸ ਤੋਂ ਬਾਅਦ, 'ਆਪ੍ਰੇਸ਼ਨ ਸਿੰਦੂਰ' ਦੇ ਤਹਿਤ ਪਾਕਿਸਤਾਨ ਦੇ ਸਾਰੇ ਹਮਲਿਆਂ ਦਾ ਜਵਾਬ ਦਿੱਤਾ ਗਿਆ। ਭਾਰਤ ਅਤੇ ਪਾਕਿਸਤਾਨ ਨੇ ਸ਼ਨੀਵਾਰ ਨੂੰ ਜ਼ਮੀਨ, ਹਵਾ ਅਤੇ ਸਮੁੰਦਰ 'ਤੇ ਸਾਰੀਆਂ ਗੋਲੀਬਾਰੀ ਅਤੇ ਫ਼ੌਜੀ ਕਾਰਵਾਈਆਂ ਨੂੰ ਰੋਕਣ ਲਈ ਇੱਕ ਸਮਝੌਤੇ ਦਾ ਐਲਾਨ ਕੀਤਾ।

## ਜੰਮੂ ਦੇ ਸਾਂਬਾ ਵਿੱਚ ਕਈ ਸ਼ੱਕੀ ਡਰੋਨ ਦਿਖੇ

### ਅੰਮ੍ਰਿਤਸਰ ਤੇ ਹੁਸ਼ਿਆਰਪੁਰ ਵਿੱਚ ਬਲੈਕਆਊਟ

**ਜੰਮੂ।** ਸੁਰੱਖਿਆ ਬਲਾਂ ਨੇ ਅੱਜ ਰਾਤ ਵੇਲੇ ਦੱਸਿਆ ਕਿ ਜੰਮੂ ਖੇਤਰ ਦੇ ਸਾਂਬਾ ਜ਼ਿਲ੍ਹੇ ਵਿੱਚ ਅੰਤਰਰਾਸ਼ਟਰੀ ਸਰਹੱਦ ਨਾਲ ਕਈ ਸ਼ੱਕੀ ਡਰੋਨ ਦੇਖੇ ਗਏ ਹਨ। ਸਰਹੱਦ ’ਤੇ ਡਰੋਨ ਗਤੀਵਿਧੀ ਦੀ ਇਹ ਤਾਜ਼ਾ ਘਟਨਾ ਅਪਰੇਸ਼ਨ ਸਿੰਧੂਰ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਸ਼ਟਰ ਨੂੰ ਪਹਿਲੇ ਸੰਬੋਧਨ ਅਤੇ ਭਾਰਤ ਅਤੇ ਪਾਕਿਸਤਾਨ ਦੇ ਡੀਜੀਐਮਓਜ਼ ਦੀ ਮੀਟਿੰਗ ਤੋਂ ਕੁਝ ਘੰਟੇ ਬਾਅਦ ਸਾਹਮਣੇ ਆਈ ਹੈ। ਹਾਲਾਂਕਿ ਫੌਜ ਨੇ ਕਿਹਾ ਕਿ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਦੂਜੇ ਪਾਸੇ ਪੰਜਾਬ ਦੇ ਅੰਮ੍ਰਿਤਸਰ ਤੇ ਹੁਸ਼ਿਆਰਪੁਰ ਵਿੱਚ ਅੱਜ



ਸੰਕੇਤਕ ਤਸਵੀਰ

ਰਾਤ ਵੇਲੇ ਬਲੈਕਆਊਟ ਕਰ ਦਿੱਤਾ ਗਿਆ ਜਿਸ ਕਾਰਨ ਲੋਕ ਸਹਿਮ ਗਏ ਪਰ ਪ੍ਰਸ਼ਾਸਨ ਨੇ ਕਿਹਾ ਹੈ ਕਿ ਇਹ ਚੌਕਸੀ ਵਜੋਂ ਕੀਤਾ ਗਿਆ ਹੈ ਤੇ ਘਬਰਾਉਣ ਦੀ ਕੋਈ ਲੋੜ ਨਹੀਂ ਹੈ।

## ਆਈਪੀਐੱਲ 17 ਮਈ ਤੋਂ ਹੋਵੇਗਾ ਮੁੜ ਸ਼ੁਰੂ; 3 ਜੂਨ ਨੂੰ ਫਾਈਨਲ

**ਨਵੀਂ ਦਿੱਲੀ।** ਬੀਸੀਸੀਆਈ ਨੇ ਅੱਜ ਐਲਾਨ ਕੀਤਾ ਕਿ ਸੋਧੇ ਹੋਏ ਪ੍ਰੋਗਰਾਮ ਅਨੁਸਾਰ ਆਈਪੀਐੱਲ ਦਾ ਫਾਈਨਲ 3 ਜੂਨ ਨੂੰ ਖੇਡਿਆ ਜਾਵੇਗਾ ਜਦਕਿ ਇਸ ਦੇ ਰਹਿੰਦੇ ਮੈਚ 17 ਮਈ ਤੋਂ ਸ਼ੁਰੂ ਹੋ ਜਾਣਗੇ ਜੋ ਛੇ ਥਾਵਾਂ ’ਤੇ ਖੇਡੇ ਜਾਣਗੇ। ਜ਼ਿਕਰਯੋਗ ਹੈ ਕਿ 8 ਮਈ ਨੂੰ ਪੰਜਾਬ ਕਿੰਗਜ਼ ਅਤੇ ਦਿੱਲੀ ਕੈਪੀਟਲਜ਼ ਵਿਚਾਲੇ ਮੈਚ ਨੂੰ ਰੱਦ ਕਰਨ ਤੋਂ ਬਾਅਦ ਆਈਪੀਐਲ ਨੂੰ ਰੋਕ ਦਿੱਤਾ ਗਿਆ ਸੀ ਕਿਉਂਕਿ ਪਾਕਿਸਤਾਨ ਨੇ ਚੰਡੀਗੜ੍ਹ ਨੇੜੇ ਭਾਰਤੀ ਹਵਾਈ ਖੇਤਰ ’ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ ਜਿਸ ਤੋਂ ਬਾਅਦ ਸਟੇਡੀਅਮ ਵਿੱਚ ਬਲੈਕਆਊਟ



ਕੀਤਾ ਗਿਆ ਸੀ। ਬੀਸੀਸੀਆਈ ਬੋਰਡ ਨੇ ਇੱਕ ਬਿਆਨ ਵਿੱਚ ਕਿਹਾ ਕਿ ਆਈਪੀਐਲ 2025 ਨੂੰ 17 ਮਈ ਤੋਂ ਮੁੜ ਸ਼ੁਰੂ ਕੀਤਾ ਜਾਵੇਗਾ। ਇਹ ਫੈਸਲਾ ਸਰਕਾਰ ਅਤੇ ਸੁਰੱਖਿਆ ਏਜੰਸੀਆਂ ਅਤੇ ਸਾਰੇ ਪ੍ਰਮੁੱਖ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਕੀਤਾ ਗਿਆ ਹੈ। ਇਸ ਦਾ ਪਹਿਲਾ ਮੈਚ 17 ਮਈ ਨੂੰ ਬੰਗਲੂਰੂ ‘ਚ ਰੌਇਲ ਚੈਲੰਜਰਜ਼ ਬੰਗਲੂਰੂ ਅਤੇ ਚੇਨਈ ਸੁਪਰ ਕਿੰਗਜ਼ ਵਿਚਾਲੇ ਹੋਵੇਗਾ। ਸੋਧੇ ਹੋਏ ਸ਼ਡਿਊਲ ਅਨੁਸਾਰ ਲੀਗ ਮੈਚ ਛੇ ਸਥਾਨਾਂ ’ਤੇ ਹੋਣਗੇ ਜਿਨ੍ਹਾਂ ਵਿਚ ਬੰਗਲੂਰੂ, ਜੈਪੁਰ, ਦਿੱਲੀ, ਲਖਨਊ, ਅਹਿਮਦਾਬਾਦ ਅਤੇ ਮੁੰਬਈ ਸ਼ਾਮਲ ਹਨ। ਪਲੇਅਆਫ ਮੈਚਾਂ ਲਈ ਸਥਾਨਾਂ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ। ਬੀਸੀਸੀਆਈ ਨੇ ਦੱਸਿਆ ਕਿ ਛੇ ਥਾਵਾਂ ’ਤੇ ਕੁੱਲ 17 ਮੈਚ ਖੇਡੇ ਜਾਣਗੇ।

# ਘਰ ਦੇ ਸਾਰੇ ਲੋਕਾਂ ਦੀ ਸਹਿਮਤੀ ਤੋਂ ਬਿਨਾਂ ਸੀਸੀਟੀਵੀ ਨਹੀਂ ਲਗਾਏ ਜਾ ਸਕਦੇ: ਸੁਪਰੀਮ ਕੋਰਟ ਕਲਕੱਤਾ ਹਾਈ ਕੋਰਟ ਨਾਲ ਸਹਿਮਤ

**ਨਵੀਂ ਦਿਲੀ।** ਸੁਪਰੀਮ ਕੋਰਟ ਨੇ (9 ਮਈ) ਨੂੰ ਕਲਕੱਤਾ ਹਾਈ ਕੋਰਟ ਦੇ ਉਸ ਫ਼ੈਸਲੇ 'ਚ ਦਖ਼ਲ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਘਰ ਦੇ ਸਾਰੇ ਲੋਕਾਂ ਦੀ ਸਹਿਮਤੀ ਤੋਂ ਬਿਨਾਂ ਸੀਸੀਟੀਵੀ ਕੈਮਰੇ ਨਹੀਂ ਲਗਾਏ ਜਾ ਸਕਦੇ। ਜਸਟਿਸ ਦੀਪਾਂਕਰ ਦੱਤਾ ਅਤੇ ਮਨਮੋਹਨ ਦੇ ਬੈਂਚ ਨੇ ਹਾਈ ਕੋਰਟ ਦੇ ਫ਼ੈਸਲੇ ਵਿਰੁੱਧ ਦਾਇਰ ਵਿਸ਼ੇਸ਼ ਅਨੁਮਤੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਇਹ ਝਗੜਾ ਦੋ ਭਰਾਵਾਂ ਵਿਚਕਾਰ ਸੀ, ਜਿਨ੍ਹਾਂ ਵਿੱਚੋਂ ਇੱਕ ਨੇ ਦੂਜੇ ਭਰਾ ਦੁਆਰਾ ਆਪਣੀ ਸਾਂਝੀ ਇਮਾਰਤ ਦੇ ਰਿਹਾਇਸ਼ੀ ਹਿੱਸੇ ਵਿੱਚ ਉਸਦੀ ਸਹਿਮਤੀ ਤੋਂ ਬਿਨਾਂ ਸੀਸੀਟੀਵੀ ਕੈਮਰੇ ਲਗਾਉਣ 'ਤੇ ਇਤਰਾਜ਼ ਕੀਤਾ ਸੀ। ਦੱਸਿਆ ਜਾ ਰਿਹਾ ਹੈ ਕਿ ਸੀਸੀਟੀਵੀ ਕੀਮਤੀ ਸੰਗ੍ਰਹਿ ਦੀ ਨਿਗਰਾਨੀ ਕਰਨ ਅਤੇ ਰਿਹਾਇਸ਼ ਵਿੱਚ ਸੁਰੱਖਿਅਤ ਕੀਮਤੀ ਜਾਇਦਾਦ ਅਤੇ ਦੁਰਲੱਭ ਪੁਰਾਤਨ ਵਸਤੂਆਂ ਦੀ ਸੁਰੱਖਿਆ ਲਈ ਲਗਾਏ ਜਾਣੇ ਸਨ। ਹਾਈ ਕੋਰਟ ਦੇ ਜਸਟਿਸ ਸਬਿਆਸਾਚੀ ਭੱਟਾਚਾਰੀਆ ਅਤੇ ਉਦੈ ਕੁਮਾਰ ਦੀ



ਡਿਵੀਜ਼ਨ ਬੈਂਚ ਨੇ ਕਿਹਾ ਕਿ ਹਾਈ ਕੋਰਟ ਨੇ ਕਿਹਾ ਕਿ ਸਹਿ-ਨਿਵਾਸੀਆਂ ਜਾਂ ਸਹਿ-ਟਰੱਸਟੀ ਦੀ ਸਹਿਮਤੀ ਤੋਂ ਬਿਨਾਂ ਰਿਹਾਇਸ਼ ਦੇ ਰਿਹਾਇਸ਼ੀ ਹਿੱਸੇ ਦੇ ਅੰਦਰ ਸੀਸੀਟੀਵੀ ਕੈਮਰੇ ਲਗਾਉਣਾ ਉਨ੍ਹਾਂ ਦੇ ਨਿੱਜਤਾ ਦੇ ਅਧਿਕਾਰ ਦੀ ਉਲੰਘਣਾ ਹੈ। "ਜਸਟਿਸ ਕੇ.ਐਸ. ਪੁੱਟਾਸਵਾਮੀ (ਸੇਵਾਮੁਕਤ) ਅਤੇ ਹੋਰ ਬਨਾਮ ਯੂਨੀਅਨ ਆਫ਼ ਇੰਡੀਆ, ਏਆਈਆਰ 2017 ਐਸਸੀ 4161 ਵਿੱਚ, ਸੁਪਰੀਮ ਕੋਰਟ ਨੇ ਸਰਬਸੰਮਤੀ ਨਾਲ ਫ਼ੈਸਲਾ ਸੁਣਾਇਆ ਕਿ ਹਰੇਕ ਵਿਅਕਤੀ ਦੇ ਨਿੱਜਤਾ ਦੇ ਅਧਿਕਾਰ ਦੀ ਭਾਰਤੀ ਸੰਵਿਧਾਨ ਦੀ ਧਾਰਾ 21 ਦੁਆਰਾ ਗਰੰਟੀ ਹੈ ਅਤੇ ਸੁਰੱਖਿਅਤ ਹੈ ਕਿਉਂਕਿ ਇਹ ਜੀਵਨ ਅਤੇ ਨਿੱਜੀ ਆਜ਼ਾਦੀ ਦੇ ਅਧਿਕਾਰ ਦਾ ਇੱਕ ਅਨਿੱਖੜਵਾਂ ਅੰਗ ਹੈ। ਕਿਸੇ ਵਿਅਕਤੀ ਦੀ ਇੱਜ਼ਤ, ਖੁਦਮੁਖ਼ਤਿਆਰੀ ਅਤੇ ਪਛਾਣ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਕਿਸੇ ਵੀ ਸਥਿਤੀ ਵਿੱਚ ਇਸਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ। ਨਿੱਜਤਾ ਦੇ ਅਧਿਕਾਰ ਨੂੰ ਨਾਗਰਿਕ ਅਤੇ ਰਾਜਨੀਤਿਕ ਅਧਿਕਾਰਾਂ ਬਾਰੇ ਅੰਤਰਰਾਸ਼ਟਰੀ ਇਕਰਾਰਨਾਮੇ 'ਚ ਵੀ ਇੱਕ ਮੌਲਿਕ ਅਧਿਕਾਰ ਵਜੋਂ ਮਾਨਤਾ ਦਿੱਤੀ ਗਈ ਹੈ। ਇਹ ਅਧਿਕਾਰ ਵਿਅਕਤੀ ਦੇ ਅੰਦਰੂਨੀ ਖੇਤਰ ਦੀ ਸੁਰੱਖਿਆ ਲਈ ਬੁਨਿਆਦੀ ਹੈ।

## ਫੇਸਬੁੱਕ 'ਤੇ ਪਾਕਿਸਤਾਨ ਦਾ ਸਮਰਥਨ ਕਰਨ ਵਾਲੇ ਵਿਅਕਤੀ ਨੂੰ ਜੇਲ



**ਸੰਭਲ।** ਉੱਤਰ ਪ੍ਰਦੇਸ਼ ਦੇ ਸੰਭਲ 'ਚ ਇਕ 27 ਸਾਲ ਦੇ ਵਿਅਕਤੀ ਨੂੰ ਅਪਣੇ ਫੇਸਬੁੱਕ ਪੇਜ 'ਤੇ ਪਾਕਿਸਤਾਨ ਦੇ ਸਮਰਥਨ 'ਚ ਇਕ ਵੀਡੀਉ ਸਾਂਝੀ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਜੇਲ ਭੇਜ ਦਿਤਾ ਗਿਆ ਹੈ। ਵੀਡੀਉ 'ਚ ਕਥਿਤ ਤੌਰ 'ਤੇ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਦੇ ਲੜਾਕੂ ਜਹਾਜ਼ ਰਾਫੇਲ ਨੂੰ ਪਾਕਿਸਤਾਨੀ ਬਲਾਂ ਨੇ ਮਾਰ ਸੁੱਟਿਆ ਹੈ। ਹਜ਼ਰਤ ਨਗਰ ਗੜ੍ਹੀ ਦੇ ਐਸ.ਐਚ.ਓ. ਅਨੁਜ ਕੁਮਾਰ ਤੋਮਰ ਨੇ ਦਸਿਆ ਕਿ ਮੁਕਰਾਬਪੁਰ ਪਿੰਡ ਦੇ ਵਸਨੀਕ ਜਮਾਤ ਅਲੀ ਨੂੰ ਐਤਵਾਰ ਨੂੰ ਜੇਲ ਭੇਜ ਦਿਤਾ ਗਿਆ। ਪੁਲਿਸ ਨੇ ਦਸਿਆ ਕਿ ਸਬ-ਇੰਸਪੈਕਟਰ ਧੀਰੇਂਦਰ ਕੁਮਾਰ ਦੀ ਸ਼ਿਕਾਇਤ ਦੇ ਆਧਾਰ 'ਤੇ ਅਲੀ ਵਿਰੁਧ ਭਾਰਤੀ ਨਿਆਂ ਸੰਹਿਤਾ ਦੀ ਧਾਰਾ 152 (ਭਾਰਤ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਨੂੰ ਖਤਰੇ 'ਚ ਪਾਉਣ ਵਾਲੀਆਂ ਕਾਰਵਾਈਆਂ) ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

## 17 ਨਵਜੰਮੀਆਂ ਕੁੜੀਆਂ ਦੇ ਨਾਮ 'ਸਿੰਦੂਰ' ਰੱਖੇ ਗਏ

**ਕੁਸ਼ੀਨਗਰ ।** ਪਿਛਲੇ ਮਹੀਨੇ ਪਹਿਲਗਾਮ ਅੱਤਵਾਦੀ ਹਮਲੇ ਦਾ ਬਦਲਾ ਲੈਣ ਲਈ ਪਾਕਿਸਤਾਨ ਵਿਰੁੱਧ ਭਾਰਤ ਦੀ ਫੌਜੀ ਕਾਰਵਾਈ, ਆਪ੍ਰੇਸ਼ਨ ਸਿੰਦੂਰ ਤੋਂ ਪ੍ਰੇਰਿਤ ਹੋ ਕੇ, ਇੱਥੇ 17 ਨਵਜੰਮੀਆਂ ਕੁੜੀਆਂ ਦਾ ਨਾਮ ਉਨ੍ਹਾਂ ਦੇ ਪਰਿਵਾਰਾਂ ਨੇ ਸਿੰਦੂਰ ਰੱਖਿਆ ਹੈ। ਕੁਸ਼ੀਨਗਰ ਮੈਡੀਕਲ ਕਾਲਜ ਵਿੱਚ 10 ਅਤੇ 11 ਮਈ ਨੂੰ ਦੋ ਦਿਨਾਂ ਦੇ ਅੰਦਰ-ਅੰਦਰ ਪੈਦਾ ਹੋਈਆਂ 17 ਨਵਜੰਮੀਆਂ ਕੁੜੀਆਂ ਦਾ ਨਾਮ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਸਿੰਦੂਰ ਰੱਖਿਆ ਹੈ, ਪ੍ਰਿੰਸੀਪਲ ਡਾ. ਆਰ.ਕੇ. ਸ਼ਾਹੀ ਨੇ ਸੋਮਵਾਰ ਨੂੰ ਪੀਟੀਆਈ ਨੂੰ ਦੱਸਿਆ। ਦੱਖਣੀ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਪ੍ਰਸਿੱਧ ਸੈਲਾਨੀ ਸ਼ਹਿਰ ਪਹਿਲਗਾਮ ਦੇ ਨੇੜੇ ਬੈਸਰਨ ਮੈਦਾਨ ਵਿੱਚ 22 ਅਪ੍ਰੈਲ ਨੂੰ ਅੱਤਵਾਦੀਆਂ ਨੇ ਗੋਲੀਬਾਰੀ ਕੀਤੀ ਜਿਸ ਵਿੱਚ 26 ਲੋਕ ਮਾਰੇ ਗਏ ਅਤੇ ਕਈ ਜ਼ਖ਼ਮੀ ਹੋ ਗਏ। ਭਾਰਤੀ ਫੌਜ ਨੇ ਪਹਿਲਗਾਮ ਅੱਤਵਾਦੀ ਹਮਲੇ ਦਾ ਬਦਲਾ ਲੈਣ ਲਈ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਨੌਂ ਅੱਤਵਾਦੀ ਢਾਂਚਿਆਂ ਨੂੰ ਤਬਾਹ ਕਰਨ ਲਈ 7 ਮਈ ਨੂੰ ਆਪ੍ਰੇਸ਼ਨ ਸਿੰਦੂਰ ਸ਼ੁਰੂ ਕੀਤਾ। ਪਾਕਿਸਤਾਨੀ ਹਮਲਿਆਂ ਦੇ ਬਾਅਦ ਦੀਆਂ ਸਾਰੀਆਂ ਬਦਲਾਖੋਰੀ



ਕਾਰਵਾਈਆਂ ਨੂੰ ਆਪ੍ਰੇਸ਼ਨ ਸਿੰਦੂਰ ਦੇ ਨਾਮ ਨਾਲ ਕੀਤਾ ਗਿਆ। ਕੁਸ਼ੀਨਗਰ ਨਿਵਾਸੀ ਅਰਚਨਾ ਸ਼ਾਹੀ, ਜਿਸਨੇ ਹਾਲ ਹੀ ਵਿੱਚ ਇੱਕ ਬੱਚੀ ਨੂੰ ਜਨਮ ਦਿੱਤਾ ਹੈ, ਨੇ ਭਾਰਤੀ ਹਥਿਆਰਬੰਦ ਬਲਾਂ ਦੀ "ਪਾਕਿਸਤਾਨ ਨੂੰ ਢੁਕਵਾਂ ਜਵਾਬ ਦੇਣ" ਲਈ ਸ਼ਲਾਘਾ ਕਰਦਿਆਂ ਕਿਹਾ ਕਿ ਉਸਨੇ ਆਪਣੀ ਧੀ ਦਾ ਨਾਮ ਫੌਜੀ ਕਾਰਵਾਈ ਦੇ ਨਾਮ 'ਤੇ ਰੱਖਿਆ ਹੈ। ਪਹਿਲਗਾਮ ਹਮਲੇ ਤੋਂ ਬਾਅਦ, ਕਈ ਵਿਆਹੀਆਂ ਔਰਤਾਂ ਦੀਆਂ ਜ਼ਿੰਦਗੀਆਂ ਬਰਬਾਦ ਹੋ ਗਈਆਂ ਜਦੋਂ ਉਨ੍ਹਾਂ ਨੇ ਆਪਣੇ ਪਤੀ ਗੁਆ ਦਿੱਤੇ। ਭਾਰਤੀ ਫੌਜ ਨੇ ਇਸਦੇ ਜਵਾਬ ਵਿੱਚ ਆਪ੍ਰੇਸ਼ਨ ਸਿੰਦੂਰ ਕੀਤਾ। ਸਾਨੂੰ ਇਸ 'ਤੇ ਮਾਣ ਹੈ। ਹੁਣ, ਸਿੰਦੂਰ ਇੱਕ ਸ਼ਬਦ ਨਹੀਂ ਸਗੋਂ ਇੱਕ ਭਾਵਨਾ ਹੈ। ਇਸ ਲਈ ਅਸੀਂ ਆਪਣੀ ਧੀ ਦਾ ਨਾਮ ਸਿੰਦੂਰ ਰੱਖਣ ਦਾ ਫੈਸਲਾ ਕੀਤਾ ਹੈ, ਅਰਚਨਾ ਨੇ ਕਿਹਾ। ਉਸਦੇ ਪਤੀ ਅਜੀਤ ਸ਼ਾਹੀ ਨੇ ਵੀ ਭਾਵਨਾਵਾਂ ਨੂੰ ਦੁਹਰਾਇਆ। "ਅਰਚਨਾ ਅਤੇ ਮੈਂ ਆਪਣੀ ਧੀ ਦੇ ਜਨਮ ਤੋਂ ਪਹਿਲਾਂ ਹੀ ਇਸ ਨਾਮ ਬਾਰੇ ਸੋਚਿਆ ਸੀ। ਇਹ ਸ਼ਬਦ ਸਾਡੇ ਲਈ ਇੱਕ ਪ੍ਰੇਰਨਾ ਹੈ," ਉਸਨੇ ਕਿਹਾ। ਪਦਰੌਨਾ ਤੋਂ ਮਦਨ ਗੁਪਤਾ ਨੇ ਕਿਹਾ ਕਿ ਜਦੋਂ ਤੋਂ ਭਾਰਤ ਨੇ 26 ਨਿਰਦੋਸ਼ ਲੋਕਾਂ ਦੀ ਹੱਤਿਆ ਦਾ ਬਦਲਾ ਲਿਆ ਹੈ, ਉਸਦੀ ਨੂੰਹ ਕਾਜਲ ਗੁਪਤਾ ਆਪਣੇ ਨਵਜੰਮੇ ਬੱਚੇ ਦਾ ਨਾਮ ਸਿੰਦੂਰ ਰੱਖਣਾ ਚਾਹੁੰਦੀ ਸੀ। ਗੁਪਤਾ ਨੇ ਪੀਟੀਆਈ ਨੂੰ ਦੱਸਿਆ, "ਇਸ ਤਰ੍ਹਾਂ, ਅਸੀਂ ਨਾ ਸਿਰਫ਼ ਇਸ ਕਾਰਵਾਈ ਨੂੰ ਯਾਦ ਰੱਖਾਂਗੇ ਬਲਕਿ ਇਸ ਦਿਨ ਦਾ ਜਸ਼ਨ ਵੀ ਮਨਾਵਾਂਗੇ।" ਭਠਹੀ ਬਾਬੂ ਪਿੰਡ ਦੇ ਵਿਆਸਮੁਨੀ ਨੇ ਵੀ ਅਜਿਹਾ ਹੀ ਫੈਸਲਾ ਲਿਆ ਹੈ, ਇਹ ਕਹਿੰਦੇ ਹੋਏ ਕਿ ਇਹ ਉਸਦੀ ਧੀ ਵਿੱਚ ਹਿੰਮਤ ਪੈਦਾ ਕਰੇਗਾ। "ਜਦੋਂ ਮੇਰੀ ਧੀ ਵੱਡੀ ਹੋਵੇਗੀ, ਉਹ ਇਸ ਸ਼ਬਦ ਦਾ ਸਹੀ ਅਰਥ ਸਮਝੇਗੀ ਅਤੇ ਆਪਣੇ ਆਪ ਨੂੰ ਭਾਰਤ ਮਾਤਾ ਲਈ ਇੱਕ ਕਰਤੱਵਪੂਰਨ ਔਰਤ ਵਜੋਂ ਪੇਸ਼ ਕਰੇਗੀ," ਉਸਨੇ ਕਿਹਾ। ਕੁਸ਼ੀਨਗਰ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਨੇ ਕਿਹਾ ਕਿ ਪਦਰੌਣਾ ਦੀ ਪ੍ਰਿਯੰਕਾ ਦੇਵੀ ਵੀ ਦੂਜਿਆਂ ਨਾਲ ਜੁੜ ਗਈ ਹੈ ਅਤੇ ਆਪਣੀ ਧੀ ਦਾ ਨਾਮ ਭਾਰਤ ਦੀ ਫੌਜੀ ਕਾਰਵਾਈ ਦੇ ਨਾਮ 'ਤੇ ਰੱਖਣ ਦਾ ਫੈਸਲਾ ਕੀਤਾ ਹੈ।


Samaj Weekly

ਸਮਾਜ ਵੀਕਲੀ



Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਮੇਰਾ ਕੀ ਕਸੂਰ ਸੀ... ਮਾਂ ਦੇ ਪ੍ਰੇਮੀ ਨੇ 10 ਸਾਲਾ ਮਾਸੂਮ ਨੂੰ ਉਤਾਰਿਆ ਮੌਤ ਦੇ ਘਾਟ



**ਗੁਹਾਟੀ।** ਇੱਕ ਔਰਤ ਦੇ ਪ੍ਰੇਮੀ ਨੇ ਕਥਿਤ ਤੌਰ 'ਤੇ ਉਸਦੇ 10 ਸਾਲ ਦੇ ਬੱਚੇ ਦਾ ਕਤਲ ਕਰ ਦਿੱਤਾ। ਕਤਲ ਤੋਂ ਬਾਅਦ, ਦੋਸ਼ੀ ਨੇ ਬੱਚੇ ਦੀ ਲਾਸ਼ ਨੂੰ ਇੱਕ ਸੂਟਕੇਸ ਵਿੱਚ ਪਾ ਕੇ ਗੁਹਾਟੀ ਵਿੱਚ ਇੱਕ ਝਾੜੀ ਦੇ ਨੇੜੇ ਸੁੱਟ ਦਿੱਤਾ। ਜਦੋਂ ਬੱਚਾ ਘਰ ਵਾਪਸ ਨਹੀਂ ਆਇਆ ਤਾਂ ਔਰਤ ਨੇ ਸਨਿਚਰਵਾਰ ਨੂੰ ਪੁਲਿਸ ਤੋਂ ਮਦਦ ਮੰਗੀ। ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਉਂਦੇ ਹੋਏ ਔਰਤ ਨੇ ਦੱਸਿਆ ਕਿ ਉਸਦਾ ਪੁੱਤਰ ਟਿਊਸ਼ਨ ਗਿਆ ਸੀ। ਪਰ ਘਰ ਵਾਪਸ ਨਹੀਂ ਆਇਆ। ਮ੍ਰਿਤਕ ਮਾਸੂਮ ਪੰਜਵੀ ਜਮਾਤ ਦਾ ਵਿਦਿਆਰਥੀ ਸੀ। ਡੀਸੀਪੀ (ਗੁਹਾਟੀ ਈਸਟ) ਮ੍ਰਿਣਾਲ ਡੇਕਾ ਨੇ ਦਸਿਆ ਕਿ ਪੁਲਿਸ ਨੇ ਗੁੰਮਸ਼ੁਦਾ ਬੱਚੇ ਦੀ ਸ਼ਿਕਾਇਤ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ। ਜਾਂਚ ਦੌਰਾਨ, ਪੁਲਿਸ ਨੂੰ ਪਤਾ ਲੱਗਾ ਕਿ ਔਰਤ, ਜੋ ਆਪਣੇ ਪਤੀ ਤੋਂ ਵੱਖ ਹੋ ਗਈ ਸੀ, ਇੱਕ ਹੋਰ ਆਦਮੀ ਜੀਤੂਮੋਨੀ ਹਾਲੋਈ ਨਾਲ ਸਬੰਧਾਂ ਵਿੱਚ ਸੀ। ਜਦੋਂ ਪੁਲਿਸ ਨੇ ਸ਼ੱਕ ਦੇ ਆਧਾਰ 'ਤੇ ਜੀਤੂਮੋਨੀ ਹਾਲੋਈ ਤੋਂ ਪੁੱਛਗਿੱਛ ਕੀਤੀ ਤਾਂ ਉਸਨੇ ਅਪਰਾਧ ਕਬੂਲ ਕਰ ਲਿਆ। ਪੁਲਿਸ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਔਰਤ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਕਤਲ ਵਿੱਚ ਉਸਦੀ ਸੰਭਾਵਿਤ ਭੂਮਿਕਾ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ।

ਪੁਲਿਸ ਨੇ ਔਰਤ ਦੇ ਪਤੀ ਦਾ ਬਿਆਨ ਵੀ ਦਰਜ ਕੀਤਾ ਹੈ, ਜੋ ਉਸ ਨਾਲ ਨਹੀਂ ਰਹਿੰਦਾ। ਪੁਲਿਸ ਨੇ ਐਤਵਾਰ ਨੂੰ ਦਸਿਆ ਕਿ ਗੁਹਾਟੀ ਵਿੱਚ ਇੱਕ 10 ਸਾਲਾ ਲੜਕੇ ਦੀ ਉਸਦੀ ਮਾਂ ਦੇ ਪ੍ਰੇਮੀ ਦੁਆਰਾ ਕਥਿਤ ਤੌਰ 'ਤੇ ਹੱਤਿਆ ਕਰ ਦਿੱਤੀ ਗਈ ਅਤੇ ਉਸਦੀ ਲਾਸ਼ ਇੱਕ ਝਾੜੀ ਦੇ ਨੇੜੇ ਇੱਕ ਸੂਟਕੇਸ ਵਿੱਚ ਭਰੀ ਹੋਈ ਮਿਲੀ।


ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਸੂਬਿਆਂ ਨੂੰ ਅਪਰਾਧਾਂ ਦੀ ਤੇਜ਼ੀ ਨਾਲ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦੀ ਲੋੜ: ਸੁਪਰੀਮ ਕੋਰਟ

**ਨਵੀਂ ਦਿੱਲੀ।** SC ਦੇਸ਼ ਦੀ ਸਰਵਉਚ ਅਦਾਲਤ ਨੇ ਵਿਸ਼ੇਸ਼ ਕਾਨੂੰਨਾਂ ਤਹਿਤ ਕੇਸਾਂ ਦੀ ਤੇਜ਼ੀ ਨਾਲ ਸੁਣਵਾਈ ਲਈ ਕੇਂਦਰ ਅਤੇ ਸੂਬਿਆਂ ਲਈ ਵਿਸ਼ੇਸ਼ ਅਦਾਲਤਾਂ ਦੀ ਸਥਾਪਨਾ ’ਤੇ ਜ਼ੋਰ ਦਿੰਦਿਆਂ ਕੇਂਦਰ ਨੂੰ ਦੋ ਹਫ਼ਤਿਆਂ ਵਿੱਚ ਆਪਣਾ ਪੱਖ ਰੱਖਣ ਲਈ ਕਿਹਾ ਹੈ। ਜਸਟਿਸ ਸੂਰਿਆ ਕਾਂਤ ਅਤੇ ਐੱਨ ਕੋਟੀਸ਼ਵਰ ਸਿੰਘ ਦੇ ਬੈਂਚ ਨੇ ਮਹਾਰਾਸ਼ਟਰ ਦੇ ਗੜ੍ਹਚਿਰੌਲੀ ਦੇ ਇੱਕ ਨਕਸਲੀ ਹਮਦਰਦ ਦੀ ਜ਼ਮਾਨਤ ਪਟੀਸ਼ਨ ’ਤੇ ਸੁਣਵਾਈ ਕੀਤੀ ਜਿਸ ਵਿਚ ਪੁਲੀਸ ਟੀਮ ਦੇ 15 ਮੁਲਾਜ਼ਮ ਧਮਾਕੇ ਵਿੱਚ ਮਾਰੇ ਗਏ ਸਨ ਤੇ ਇਸ ਵਿਅਕਤੀ ’ਤੇ ਮਾਮਲਾ ਦਰਜ ਕੀਤਾ ਗਿਆ ਸੀ। ਅਦਾਲਤ ਨੇ ਕਿਹਾ ਕਿ ਜਦੋਂ ਵਿਸ਼ੇਸ਼ ਕਾਨੂੰਨਾਂ ਤਹਿਤ ਮੁਕੱਦਮੇ ਹੋਣੇ



ਹਨ ਤਾਂ ਸੰਘ ਜਾਂ ਰਾਜਾਂ ਲਈ ਇਹ ਲਾਜ਼ਮੀ ਬਣ ਜਾਂਦਾ ਹੈ ਕਿ ਉਹ ਤੇਜ਼ ਕਾਰਵਾਈ ਯਕੀਨੀ ਬਣਾਉਣ ਲਈ ਢੁਕਵੇਂ ਬੁਨਿਆਦੀ ਢਾਂਚੇ ਨਾਲ ਵਿਸ਼ੇਸ਼ ਅਦਾਲਤਾਂ ਦੀ ਸਥਾਪਨਾ ਕਰੇ। ਅਦਾਲਤ ਨੇ ਕੇਂਦਰ ਅਤੇ ਮਹਾਰਾਸ਼ਟਰ ਸਰਕਾਰ ਨੂੰ ਕਿਹਾ ਕਿ ਉਹ ਕਾਨੂੰਨਾਂ ਦੇ ਲਾਗੂ ਹੋਣ ਤੋਂ ਬਾਅਦ ਵਿਸ਼ੇਸ਼ ਕਾਨੂੰਨਾਂ ਦੇ ਨਿਆਂਇਕ ਪ੍ਰਭਾਵ ਦਾ ਮੁਲਾਂਕਣ ਕਿਉਂ ਨਹੀਂ ਕਰਦੇ। ਬੈਂਚ ਨੇ ਕਿਹਾ, ‘ਅਸੀਂ ਵਾਰ-ਵਾਰ ਕਹਿੰਦੇ ਰਹੇ ਹਾਂ ਕਿ ਜੱਜ ਅਤੇ ਅਦਾਲਤਾਂ ਕਿੱਥੇ ਹਨ? ਜੇਕਰ ਤੁਸੀਂ ਮੌਜੂਦਾ ਜੱਜਾਂ ’ਤੇ ਵਿਸ਼ੇਸ਼ ਕਾਨੂੰਨਾਂ ਤਹਿਤ ਵਾਧੂ ਕੇਸਾਂ ਦਾ ਬੋਝ ਪਾਉਂਦੇ ਹੋ ਤਾਂ ਤੁਸੀਂ ਗੰਭੀਰ ਮਾਮਲਿਆਂ ਵਿਚ ਤੇਜ਼ੀ ਨਾਲ ਸੁਣਵਾਈ ਕਿਵੇਂ ਕਰ ਸਕਦੇ ਹੋ?

## ਅਸੀਂ ਭਾਰਤ ਤੇ ਪਾਕਿ ਦਰਮਿਆਨ ਪਰਮਾਣੂ ਜੰਗ ਰੋਕੀ: ਟਰੰਪ

**ਅਮਰੀਕਾ।** ਅਮਰੀਕੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਮੁੜ ਦਾਅਵਾ ਕੀਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਪਰਮਾਣੂ ਜੰਗ ਨੂੰ ਰੋਕ ਦਿੱਤਾ ਹੈ।ਡੋਨਲਡ ਟਰੰਪ ਨੇ ਵਾਈਟ ਹਾਊਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਮਰੀਕਾ ਨੇ ਦੋਵਾਂ ਦੇਸ਼ਾਂ ਦਰਮਿਆਨ ਜੰਗਬੰਦੀ ਲਈ ਮਦਦ ਕੀਤੀ। ਉਨ੍ਹਾਂ ਦੋਵਾਂ ਦੇਸ਼ਾਂ ਨੂੰ ਸਮਝਾਇਆ ਕਿ ਜੇ ਜੰਗ ਨਾ ਰੋਕੀ ਤਾਂ ਅਮਰੀਕਾ ਵਪਾਰ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਇਹ ਜੰਗਬਾਦੀ ਸਥਾਈ ਰਹੇਗੀ। ਦੋਵਾਂ ਦੇਸ਼ਾਂ ਕੋਲ ਬਹੁਤ ਸਾਰੇ ਪਰਮਾਣੂ ਹਥਿਆਰ ਹਨ ਤੇ ਜੇ ਇਹ ਜੰਗ ਨਾ ਰੋਕੀ ਹੁੰਦੀ ਤਾਂ ਬਹੁਤ ਵੱਡਾ ਨੁਕਸਾਨ ਹੋ ਸਕਦਾ ਸੀ ਤੇ ਲੱਖਾਂ ਲੋਕ ਮਾਰੇ ਜਾ ਸਕਦੇ ਸਨ। ਟਰੰਪ ਨੇ ਦੋਵਾਂ ਦੇਸ਼ਾਂ ਨੂੰ ਕਿਹਾ ਕਿ ਜੇ ਉਹ ਜੰਗ ਰੋਕਦੇ ਹਨ ਤਾਂ ਅਮਰੀਕਾ ਉਨ੍ਹਾਂ ਨਾਲ ਵਪਾਰ ਹੋਰ ਵਧਾਏਗਾ ਜੇ ਉਹ ਜੰਗ ਨਹੀਂ ਰੋਕਦੇ ਤਾਂ ਅਮਰੀਕਾ ਵਪਾਰ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਭਾਰਤ ਤੇ ਪਾਕਿ-ਸਤਾਨ ਦੋਵਾਂ ਦੀ ਲੀਡਰਸ਼ਿਪ ਬਹੁਤ ਮਜ਼ਬੂਤ ਹੈ। ਉਨ੍ਹਾਂ



ਕੋਲ ਹਾਲਾਤ ਨੂੰ ਸਮਝਣ ਤੇ ਗੰਭੀਰਤਾ ਨਾਲ ਲੈਣ ਦਾ ਤਜਰਬਾ ਤੇ ਤਾਕਤ ਹੈ।
ਸ੍ਰੀ ਟਰੰਪ ਨੇ ਇਸ ਲਈ ਉਪ ਰਾਸ਼ਟਰਪਤੀ ਜੇਡੀ ਵੈਂਸ ਤੇ ਵਿਦੇਸ਼ ਮੰਤਰੀ ਮਾਰਕੋ ਰੂਬਿਓ ਦਾ ਧੰਨਵਾਦ ਵੀ ਕੀਤਾ। ਟਰੰਪ ਨੇ ਕਿਹਾ ਕਿ ਪਹਿਲਾਂ ਭਾਰਤ ਅਤੇ ਪਾਕਿਸਤਾਨ ਦੀ ਜੰਗ ਤੋਂ ਅਜਿਹਾ ਲੱਗ ਰਿਹਾ ਸੀ ਕਿ ਇਹ ਰੁਕਣ ਵਾਲੀ ਨਹੀਂ ਪਰ ਅਮਰੀਕਾ ਨੇ ਇਸ ਵਿਚ ਸਾਲਸੀ ਕੀਤੀ ਤੇ ਨਤੀਜਾ ਤੁਹਾਡੇ ਸਾਹਮਣੇ ਹੈ। ਉਹ ਭਾਰਤ ਨਾਲ ਗੱਲਬਾਤ ਕਰ ਰਹੇ ਹਨ ਤੇ ਜਲਦੀ ਹੀ ਪਾਕਿਸਤਾਨ ਨਾਲ ਵੀ ਗੱਲਬਾਤ ਕਰਨ ਵਾਲੇ ਹਨ।


SHAM LAL CHANDER
ID no. 921760
BUILDING MAINTENANCE HANDYMAN
(CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਤੇਜ ਰਫਤਾਰ ਕਾਰ ਦੀ ਟੱਕਰ ਦੌਰਾਨ ਨੌਜਵਾਨ ਦੀ ਮੌਕੇ ਤੇ ਮੌਤ, ਕਾਰ ਚਾਲਕ ਗੰਭੀਰ ਜਖਮੀ

**ਕਪੂਰਥਲਾ (ਕੌੜਾ)–** ਸ਼ਾਮ ਤਕਰੀਬਨ 6 ਵਜੇ ਦੇ ਕਰੀਬ ਇਕ ਤੇਜ ਰਫ਼ਤਾਰ ਚਿੱਟੇ ਰੰਗ ਦੀ ਸਵਿਫਟ ਕਾਰ ਨੇ ਸੜਕ ਕਿਨਾਰੇ ਹਦਵਾਣੇ ਦੀ ਰੇਹੜੀ ਲਗਾ ਕੇ ਖੜ੍ਹੇ ਨੌਜਵਾਨ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਜਿਸ ਨਾਲ ਨੌਜਵਾਨ ਦੀ ਮੌਕੇ ਤੇ ਹੀ ਮੌਤ ਹੋ ਗਈ ਅਤੇ ਕਾਰ ਡਰਾਈਵਰ ਨੌਜਵਾਨ ਵੀ ਗੰਭੀਰ ਜਖਮੀ ਹੋ ਗਿਆ। ਜਿਸ ਨੂੰ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਵਿਖੇ ਭੇਜ ਦਿੱਤਾ ਗਿਆ ਹੈ।



ਜਾਣਕਾਰੀ ਅਨੁਸਾਰ ਮ੍ਰਿਤਕ ਦਾ ਨਾਮ ਯੁਗਰਾਜ ਸਿੰਘ 25 ਸਾਲ ਪੁੱਤਰ ਗੁਰਬਚਨ ਸਿੰਘ ਵਾਸੀ ਤੋਤੀ ਦਸਿਆ ਜਾ ਰਿਹਾ ਹੈ। ਜੋ ਕਿ ਹਦਵਾਣੇ ਵੇਚਣ ਦਾ ਕਾਰੋਬਾਰ ਕਰਦਾ ਸੀ। ਜਿਸਦੇ ਦੋ ਬੱਚੇ ਹਨ। ਮੌਕੇ ਤੇ ਹਾਜਰ ਪਾਲ ਸਿੰਘ ਪਾਲਾ ਡਡਵਿੰਡੀ ਅਨੁਸਾਰ ਤਕਰੀਬਨ 6 ਵਜੇ ਦੇ ਕਰੀਬ ਇਕ ਚਿੱਟੇ ਰੰਗ ਦੀ ਸਵਿਫਟ ਕਾਰ ਨੰਬਰ ਪੀ ਬੀ ਜ਼ੀਰੋ ਏਟ ਬੀ ਜੀ 0035 ਦੀ ਰਫ਼ਤਾਰ ਤੇਜ਼ ਹੋਣ ਕਾਰਨ ਸੜਕ ਕਿਨਾਰੇ ਖੜ੍ਹੇ ਹਦਵਾਣੇ ਦੀ ਰੇਹੜੀ ਲਗਾਉਣ ਵਾਲੇ ਵਿਅਕਤੀ ਜੁਗਰਾਜ ਸਿੰਘ ਨੂੰ ਗੱਡੀ ਨਾਲ ਘੜੀਸਦੀ ਹੋਈ ਕਾਫੀ ਦੂਰ ਤੱਕ ਲੈ ਗਈ। ਜਿਸਦੀ ਮੌਕੇ ਤੇ ਹੀ ਮੌਤ ਹੋ ਗਈ ਅਤੇ ਉਸਦੀ ਇਕ ਲੱਤ ਕੱਟ ਕੇ ਦੂਰ ਜਾ ਡਿੱਗੀ।ਇਹ ਹਾਦਸਾ ਰਾਇਲ ਪੈਲੇਸ ਦੇ ਬਿਲਕੁਲ ਨਜ਼ਦੀਕ ਹੋਇਆ ਹੈ ਅਤੇ ਰਾਹਗੀਰਾਂ ਨੇ ਗਭੀਰ ਜ਼ਖਮੀ ਕਾਰ ਚਾਲਕ ਨੂੰ ਐਂਬੂਲੈਂਸ ਰਾਹੀਂ ਸਿਵਿਲ ਹਸਪਤਾਲ ਸੁਲਤਾਨਪੁਰ ਲੋਧੀ ਵਿਖੇ ਭੇਜ ਦਿੱਤਾ ਗਿਆ। ਪੁਲਿਸ ਚੌਂਕੀ ਮੋਠਾਂਵਾਲਾ ਦੇ ਮੁਲਾਜ਼ਮ ਇਸਦੀ ਜਾਂਚ ਕਰ ਰਹੇ ਹਨ।



# ਤਰਕਸ਼ੀਲ ਸੁਸਾਇਟੀ, ਪੰਜਾਬ (ਰਜਿ:), ਇਕਾਈ ਰੋਪੜ ਦੀ ਮਹੀਨਾਵਾਰ ਮੀਟਿੰਗ ਹੋਈ

### ਚੇਤਨਾ ਪਰਖ ਪ੍ਰੀਖਿਆ 29 ਅਤੇ 31 ਅਗਸਤ ਨੂੰ ਕਰਵਾਉਣ ਦਾ ਫੈਸਲਾ ਲਿਆ



**ਰੋਪੜ, (ਰੋਮੀ ਘੜਾਮਾਂ):** ਤਰਕਸ਼ੀਲ ਸੁਸਾਇਟੀ, ਪੰਜਾਬ (ਰਜਿ:), ਇਕਾਈ ਰੋਪੜ ਦੀ ਮਹੀਨਾਵਾਰ ਮੀਟਿੰਗ ਮੁਖੀ ਅਸ਼ੋਕ ਕੁਮਾਰ ਦੀ ਪ੍ਰਧਾਨਗੀ ਹੇਠ ਖਾਲਸਾ ਸਕੂਲ ਰੋਪੜ ਵਿਖੇ ਹੋਈ। ਮੀਡੀਆ ਵਿਭਾਗ ਮੁਖੀ ਹਰਵਿੰਦਰ ਸੁਖਰਾਮਪੁਰ ਨੇ ਦੱਸਿਆ ਕਿ ਮੀਟਿੰਗ ਵਿੱਚ ਹਿਸਾਬ-ਕਿਤਾਬ ਤੋ ਇਲਾਵਾ ਕਈ ਚਰਚਿਤ ਵਿਸ਼ਿਆਂ 'ਤੇ ਗੱਲਬਾਤ ਹੋਈ। ਇਸੇ ਦੌਰਾਨ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਅਗਸਤ 2025 ਬਾਬਤ ਗੰਭੀਰਤਾ ਨਾ.ਲ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਉਕਤ ਪ੍ਰੀਖਿਆ 29 ਤੇ 31 ਅਗਸਤ ਨੂੰ ਕਰਵਾਉਣ ਦਾ ਫੈਸਲਾ ਲਿਆ। ਜਿਸ ਲਈ ਵੱਧ ਤੋ ਵੱਧ ਸਕੂਲ ਮੁਖੀਆਂ ਨਾ.ਲ ਰਾਬਤਾ ਕਾਇਮ ਕਰਨ ਲਈ ਮੈਬਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਅਤੇ ਮਈ ਮਹੀਨੇ ਵਿੱਚ ਵਿਸ਼ੇਸ ਦਿਨ ਉੱਤੇ ਸੈਮੀਨਾਰ ਕਰਵਾਉਣ ਦਾ ਫੈਸਲਾ ਵੀ ਕੀਤਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦਰਮਿਆਨ ਸਰਹੱਦ ਉੱਤੇ ਵਿਗੜੇ ਮੌਜੂਦਾ ਹਾਲਾਤ ਬਹੁਤ ਚਿੰਤਾਂਜਨਕ ਹਨ। ਇਨਸਾਨੀਅਤ ਦੀ ਸਲਾਮਤੀ ਲਈ ਜੰਗ ਮਸਲੇ ਦਾ ਹੱਲ ਨਹੀ ਹੈ। ਜੰਗ ਦੌਰਾਨ ਹੋਏ ਜਾਨੀ ਅਤੇ ਮਾਲੀ ਨੁਕਸਾਨ ਦੀ ਭਰਪਾਈ ਕਦੇ ਨਹੀ ਹੋ ਸਕਦੀ। ਸਰਹੱਦ ਉੱਤੇ ਡਿਊਟੀ 'ਤੇ ਤੈਨਾਤ ਦੇਸ਼ ਦੇ ਰਾਖੇ ਵੀਰ ਜਵਾਨਾਂ ਅਤੇ ਗੋਲਾਬਾਰੀ ਦੋਰਾਨ ਜਾਨ ਗੁਆ ਚੁੱਕੇ ਸ਼ਹੀਦ ਜਵਾਨਾਂ ਨੂੰ ਦਿਲੋ ਸਲਾਮ ਹੈ। ਇਸ ਮੌਕੇ ਹਰਨੇਕ ਚੱਕ ਕਰਮਾਂ, ਪਵਨ ਰੱਤੋਂ, ਸ਼ੈਲਿੰਦਰ ਸੁਹਾਲੀ, ਮਾ: ਪਰਵਿੰਦਰ, ਇਕਬਾਲ ਬੇਲਾ, ਸੋਹਣ ਲਾਲ ਅਤੇ ਹੋਰ ਮੈਂਬਰ ਹਾਜ਼ਰ ਸਨ।

# ਸੁੱਖ ਸਾਗਰ (ਚੈ) ਸੁਸਾਇਟੀ ਵੱਲੋਂ ਸਲਾਨਾ ਸਨਮਾਨ ਸਮਾਰੋਹ ਸਮਾਗਮ ਵਿੱਚ ਡਾਕਟਰਾਂ ਦਾ ਵਿਸ਼ੇਸ਼ ਸਨਮਾਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਮਿਤੀ 12.05.25 ਨੂੰ ਸੁੱਖ ਸਾਗਰ ਚੈਰੀਟੇਬਲ ਸੁਸਾਇਟੀ (ਰਜਿ:) ਜਗਰਾਉਂ ਵੱਲੋਂ ਮੀਟਿੰਗ ਅਤੇ ਸਾਲਾਨਾ ਸਨਮਾਨ ਸਮਾਰੋਹ ਗੁਰਦੁਆਰਾ ਗੁਰੂ ਨਾਨਕ ਸੇਵਕ ਸਭਾ ਮਿੱਲਰ ਗੰਜ ਵਿਖੇ ਕਰਵਾਇਆ ਗਿਆ। ਇਸ ਮੌਕੇਂ ਤੇ ਸੁੱਖ ਸਾਗਰ ਚੈਰੀਟੇਬਲ ਸੁਸਾਇਟੀ ਵੱਲੋ ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਅਤੇ ਧੰਨ ਧੰਨ ਬਾਬਾ ਹਰਭਜਨ ਸਿੰਘ ਜੀ ਦੀ ਪ੍ਰੇਰਨਾ ਸਦਕਾ ਚਲਾਈਆਂ ਜਾ ਰਹੀਆਂ ਡਿਸਪੈਂਸਰੀਆਂ ਦੀ ਸਾਲਾਨਾ ਮੀਟਿੰਗ ਡਾ:ਬਲਵਿੰਦਰ ਸਿੰਘ ਪਲਾਹਾ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਸੋਸਾਇਟੀ ਦੇ ਸਰਪ੍ਰਸਤ ਜੱਥੇਦਾਰ ਬਾਬਾ ਈਸ਼ਰ ਸਿੰਘ, ਚੇਅਰਮੈਨ ਸ੍ਰ: ਹਰਨੇਕ ਸਿੰਘ ਸੋਇ, ਉਪ ਪ੍ਰਧਾਨ ਸ੍ਰ :ਰਾਜਿੰਦਰ ਸਿੰਘ, ਸਕੱਤਰ ਸ੍ਰ :ਜਗਵਿੰਦਰ ਸਿੰਘ, ਕੈਸ਼ੀਅਰ ਪ੍ਰੋਫੈਸਰ ਡਾ ਸ਼ਾਇਨੀ ਚਲੋਤਰਾ ਅਤੇ ਮੈਂਬਰ ਸ੍ਰ :ਅਰਵਿੰਦਰ ਸਿੰਘ, ਸ੍ਰ :ਕੁਲਦੀਪ ਸਿੰਘ, ਸ੍ਰ :ਹਰਚੰਦ ਸਿੰਘ, ਸ੍ਰ :ਹਰਦੀਪ ਸਿੰਘ ਬੰਟੀ ਹਾਜ਼ਰ ਹੋਏ। ਇਸ ਸਮੇਂ ਡਾ: ਬਲਵਿੰਦਰ ਸਿੰਘ ਪਲਾਹਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਲਾਨਾ ਮੀਟਿੰਗ ਲੁਧਿਆਣਾ ਜਿਲ੍ਹੇ ਵਿੱਚ ਮਨੁੱਖਤਾ ਦੇ ਭਲੇ ਲਈ ਚੱਲ ਰਹੀਆਂ 20 ਡਿਸਪੈਂਸਰੀਆਂ ਦਾ ਲੇਖਾ ਜੋਖਾ ਕੀਤਾ ਗਿਆ ਅਤੇ ਡਾ: ਸਾਹਿਬਾਨ ਵੱਲੋਂ ਆਪਣੀ ਸ਼ਾਨਦਾਰ ਸੇਵਾਵਾਂ ਦੇਣ




ਲਈ ਵਿਸ਼ੇਸ ਤੌਰ ਸਨਮਾਨ ਕੀਤਾ ਗਿਆ। ਇਸ ਸਨਮਾਨ ਸਮਾਰੋਹ ਦੇ ਮੁੱਖ ਮਹਿਮਾਨ ਸ਼੍ਰੀ ਮਹਾਂਵੀਰ ਅਗਰਵਾਲ ਜੀ ਨੇ ਅੱਵਲ ਨੰਬਰ ਤੇ ਰਹਿਣ ਵਾਲੇ ਡਾ ਅਨਾਮਿਕਾ ਤਿਵਾੜੀ (ਨਿਊ ਜਨਤਾ ਨਗਰ ਡਿਸਪੈਂਸਰੀ) ਅਤੇ ਡਾ ਸਿਮਰਨਜੀਤ ਕੌਰ (ਖੰਨਾ ਡਿਸਪੈਂਸਰੀ) ਨੂੰ ਸ਼ਾਨਦਾਰ ਸੇਵਾਵਾਂ ਲਈ ਸਨਮਾਨਿਤ ਕੀਤਾ। ਇਸ ਸਨਮਾਨ ਸਮਾਰੋਹ ਵਿੱਚ ਇਲਾਕੇ ਦੇ ਕੌਂਸਲਰ ਇਕਬਾਲ ਸਿੰਘ ਡਿਕੋ ਵਿਸ਼ੇਸ ਤੌਰ ਤੇ ਪੁੱਜੇ ਉਨ੍ਹਾਂ ਨੇ ਡਾ: ਬਲਵਿੰਦਰ ਸਿੰਘ ਪਲਾਹਾ ਤੇ ਉਨ੍ਹਾਂ ਦੀ ਟੀਮ ਵੱਲੋਂ ਚਲਾਈਆਂ ਜਾ ਡਿਸਪੈਂਰੀਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਤੇ ਇਕਬਾਲ ਸਿੰਘ ਡੀਕੋ ਨੇ ਸਮੂਹ ਗੁਰਦੁਆਰੇ ਸਾਹਿਬ ਦੀਆਂ ਕਮੇਟੀਆਂ, ਹੋਮਿਓਪੈਥਿਕ ਦਵਾਈਆਂ ਦੀਆਂ ਕੰਪਨੀਆਂ ਅਤੇ ਹੋਰ ਸਮਾਜਿਕ ਜਥੇਬੰਦੀਆ ਅਤੇ ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿੱਚ ਐਲਾਨ ਕੀਤਾ ਮਨੁੱਖਤਾ ਦੇ ਭਲੇ ਲਈ ਕੀਤੇ ਜਾ ਰਹੇ ਮਹਾਨ ਕਾਰਜਾਂ ਵਿੱਚ ਸੁਸਾਇਟੀ ਵੱਲੋਂ ਮੇਰੀ ਕੋਈ ਵੀ ਸੇਵਾ ਲਾਉਣ ਗੇ ਮੈ ਤਨ ਮਨ ਤੇ ਧੰਨ ਦੇ ਨਾਲ ਨਿਭਾਵਾਂਗਾ ਅਤੇ ਅਵਲ ਨੰਬਰ ਤੇ ਆਉਣ ਵਾਲੇ ਡਾਕਟਰਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਸ਼ਲਾਘਾ ਕੀਤੀ। ਇਸ ਮੌਕੇ ਤੇ ਸੁੱਖ ਸਾਗਰ ਸੋਸਾਇਟੀ ਦੇ ਪ੍ਰਧਾਨ ਡਾ ਬਲਵਿੰਦਰ ਸਿੰਘ ਜੀ ਨੇ ਬੈਕਸਣ ਕੰਪਨੀ ਅਤੇ ਸੁਸਾਇਟੀ ਦੇ ਮੈਂਬਰ ਅਰਵਿੰਦਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਜੇਤੂ ਡਾਕਟਰਾਂ ਨੂੰ ਵਧਾਈ ਦਿੱਤੀ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸਾਹਿਤ ਕਲਮ ਵੱਲੋਂ ਕਵੀ ਦਰਬਾਰ 13 ਮਈ ਨੂੰ

**ਧੂਰੀ (ਰਮੇਸ਼ਵਰ ਸਿੰਘ)** ਡਾ. ਨੀਤੂ ਵਿਆਸ ਪ੍ਰਧਾਨ , ਵਿਸਾਖਾ ਵਿਆਸ ਜਨਰਲ ਸਕੱਤਰ ਅਤੇ ਮੁਹੰਮਦ ਹਬੀਬ ਉਰ ਰਹਿਮਾਨ ਕਲਾ ਨਿਰਦੇਸ਼ਕ ਦੀ ਯੋਗ ਸਰਪ੍ਰਸਤੀ ਅਧੀਨ ਕੌਮੀ ਪੱਧਰ 'ਤੇ ਵੱਖੋ ਵੱਖ ਭਾਸ਼ਾਵਾਂ ਵਿੱਚ ਸਾਹਿਤਕ ਪ੍ਰੋਗਰਾਮ ਔਨ ਲਾਈਨ ਕੀਤੇ ਜਾਂਦੇ ਹਨ । ਪੰਜਾਬੀ ਕਵੀ ਦਰਬਾਰ ਜੋ ਮੰਗਲਵਾਰ ਸ਼ਾਮ 07 ਵਜੇ ਸਿੱਧਾ ਪ੍ਰਸਾਰਿਤ ਕੀਤਾ ਜਾਂਦਾ ਹੈ ਉਸ ਦੇ ਸੂਬਾ ਪੱਧਰੀ ਇੰਚਾਰਜ ਮੂਲ ਚੰਦ ਸ਼ਰਮਾ ਦੇ ਦੱਸਣ ਅਨੁਸਾਰ ਇਸ ਵਾਰ 13 ਮਈ 2025 ( ਮੰਗਲਵਾਰ ) ਸ਼ਾਮ 07 ਵਜੇ ਹੋਣ ਵਾਲ਼ੇ ਸਿੱਧੇ ਪ੍ਰਸਾਰਨ ਵਿੱਚ ਪੇਸ਼ਕਾਰ ਮੂਲ ਚੰਦ ਸ਼ਰਮਾ ਤੋਂ ਇਲਾਵਾ ਨਵਦੀਪ ਮੁੰਡੀ ਪਟਿਆਲਾ , ਮੱਖਣ ਸ਼ਰਮਾ ਗਿੱਦੜਬਾਹਾ , ਦਲਬਾਰ ਸਿੰਘ ਧਨੌਲਾ , ਜਗਜੀਤ ਸਿੰਘ ਝਤਰਾ ਅਤੇ ਕਰਮ ਅਬੋਹਰ ਕਿੱਕਰ ਖੇੜਾ ਆਪੋ ਆਪਣੀਆਂ ਸੱਜਰੀਆਂ ਅਤੇ ਚੋਣਵੀਆਂ ਗੀਤ , ਗ਼ਜ਼ਲਾਂ ਅਤੇ ਕਵਿਤਾਵਾਂ ਪੇਸ਼ ਕਰਨਗੇ । ਪ੍ਰੋਗਰਾਮ ਦੇ ਮੁੱਖ ਮਹਿਮਾਨ ਨਵਦੀਪ ਮੁੰਡੀ ਜੀ ਆਪਣੇ ਕਲਾਮ ਤੋਂ ਇਲਾਵਾ ਪੇਸ਼ ਕੀਤੀਆਂ ਰਚਨਾਵਾਂ ਬਾਰੇ ਆਪਣੀਆਂ ਟਿੱਪਣੀਆਂ ਦੇ ਕੇ ਸੋਨੇ 'ਤੇ ਸੁਹਾਗੇ ਦਾ ਕਾਰਜ ਵੀ ਨਿਭਾਉਣਗੇ । ਸਾਹਿਤ ਪ੍ਰੇਮੀ ਦਰਸ਼ਕ ਅਤੇ ਸਰੋਤੇ ਇਸ ਕਵੀ ਦਰਬਾਰ ਦਾ ਆਨੰਦ ਡਾ. ਨੀਤੂ ਵਿਆਸ ਦੇ ਫੇਸਬੁੱਕ ਪੰਨੇਂ ਰਾਹੀਂ ਸਿੱਧੇ ਜਾਂ ਬਾਅਦ ਵਿੱਚ ਸੋਸ਼ਲ ਮੀਡੀਆ ਦੇ ਵੱਖੋ ਵੱਖ ਸਰੋਤਾਂ ਰਾਹੀਂ ਵੀ ਮਾਣ ਸਕਣਗੇ ।




# ਜੰਗਬੰਦੀ ਦਾ ਫੈਸਲਾ ਸ਼ਲਾਘਾਯੋਗ ਹੈ, ਉਮੀਦ ਹੈ ਕਿ ਪਾਕਿਸਤਾਨ ਦੀ ਲੀਡਰਸ਼ਿਪ ਆਪਣੇ ਦੇਸ਼ ਵਿੱਚ ਚੱਲ ਰਹੀਆਂ ਕੱਟੜਪੰਥੀ ਗਤੀਵਿਧੀਆਂ ਨੂੰ ਰੋਕਣ ਦੇ ਆਪਣੇ ਵਾਅਦੇ ਨੂੰ ਪੂਰਾ ਕਰੇਗੀ: ਸੁਲਤਾਨੀ

**ਫਿਲੌਰ/ਅੱਪਰਾ (ਦੀਪਾ)**-ਅੱਜ ਇੱਕ ਪ੍ਰੈਸ ਨੋਟ ਜਾਰੀ ਕਰਦੇ ਹੋਏ, ਸਲੀਮ ਸੁਲਤਾਨੀ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ, ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਕਾਰਨ, ਦੋਵਾਂ ਦੇਸ਼ਾਂ ਦੇ ਨਾਗਰਿਕਾਂ ਵਿੱਚ ਡਰ ਅਤੇ ਤਣਾਅ ਦਾ ਮਾਹੌਲ ਸੀ ਅਤੇ ਕੱਲ੍ਹ ਦੋਵਾਂ ਦੇਸ਼ਾਂ ਵਿਚਕਾਰ ਜੰਗਬੰਦੀ ਦੇ ਐਲਾਨ ਨਾਲ, ਲੋਕ ਤਣਾਅ ਮੁਕਤ ਮਹਿਸੂਸ ਕਰਨ ਲੱਗੇ ਅਤੇ ਜ਼ਿੰਦਗੀ ਆਮ ਵਾਂਗ ਹੋਣ ਲੱਗੀ। ਇਸ ਫੈਸਲੇ ਦਾ ਖਾਸ ਤੌਰ 'ਤੇ ਸ਼ਾਂਤੀ ਪਸੰਦ ਲੋਕਾਂ ਦੁਆਰਾ ਸਵਾਗਤ ਕੀਤਾ ਜਾਂਦਾ ਹੈ ਅਤੇ ਉਮੀਦ ਕਰਦੇ ਹਨ ਕਿ ਪਾਕਿਸਤਾਨ ਅੱਤਵਾਦੀ ਗਤੀਵਿਧੀਆਂ ਨੂੰ ਖਤਮ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕਰੇਗਾ। ਇਸ ਦੇ



ਨਾਲ ਹੀ, ਉਹ ਪਾਕਿਸਤਾਨ ਦੀ ਲੀਡਰਸ਼ਿਪ ਨੂੰ ਸਲਾਹ ਦਿੰਦੇ ਹਨ ਕਿ ਉਹ ਆਪਣੇ ਦੇਸ਼ ਨੂੰ ਕੱਟੜਪੰਥੀ ਅਤੇ ਨਫ਼ਰਤ ਫੈਲਾਉਣ ਵਾਲੇ ਵਿਚਾਰਾਂ ਤੋਂ ਰੋਕੇ ਅਤੇ ਆਪਣੇ ਦੇਸ਼ ਵਿੱਚ ਸ਼ਾਂਤੀ ਅਤੇ ਸਦਭਾਵਨਾ ਸਥਾਪਤ ਕਰਨ ਵੱਲ ਅੱਗੇ ਵਧਣ ਅਤੇ ਸਾਡੇ ਦੇਸ਼ ਭਾਰਤ ਨਾਲ ਦੋਸਤਾਨਾ ਸਬੰਧਾਂ ਦਾ ਮਾਹੌਲ ਬਣਾਉਣ ਕਿਉਂਕਿ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਆਪਸੀ ਵਪਾਰਕ, ਸੱਭਿਆਚਾਰਕ ਅਤੇ ਧਾਰਮਿਕ-ਸਮਾਜਿਕ ਸਬੰਧ ਪੁਰਾਣੇ ਹਨ ਅਤੇ ਉਨ੍ਹਾਂ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ, ਪਰ ਜਦੋਂ ਵੀ ਪਾਕਿਸਤਾਨ ਸਾਡੇ ਦੇਸ਼ ਵਿੱਚ ਕੋਈ ਸ਼ਰਾਰਤ ਕਰਦਾ ਹੈ, ਤਾਂ ਭਾਰਤ ਇਸਦਾ ਸਖ਼ਤ ਜਵਾਬ ਦਿੰਦਾ ਹੈ, ਜਿਸ ਕਾਰਨ ਮਾਹੌਲ ਤਣਾਅਪੂਰਨ ਹੋ ਜਾਂਦਾ ਹੈ। ਇਸ ਲਈ, ਭਵਿੱਖ ਵਿੱਚ, ਪਾਕਿਸਤਾਨ ਦੀ ਲੀਡਰਸ਼ਿਪ ਨੂੰ ਇਹ ਸਮਝਣਾ ਚਾਹੀਦਾ ਹੈ ਅਤੇ ਭਾਰਤ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਨ ਵੱਲ ਕਦਮ ਚੁੱਕਣੇ ਚਾਹੀਦੇ ਹਨ।

# ਜੰਗ ਨਾਲ ਕਿਸੇ ਇੱਕ ਦੇਸ਼ ਦਾ ਨੁਕਸਾਨ ਨਹੀਂ ਹੁੰਦਾ ਸਗੋਂ ਦੋਨਾਂ ਦੇਸ਼ਾਂ ਦਾ ਨੁਕਸਾਨ ਹੈ : ਸੰਤ ਸਤਰੰਜਨ ਸਿੰਘ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਜੰਗ ਲੱਗਣ ਨਾਲ ਖਾਸ ਕਰਕੇ ਆਮ ਬੇਕਸੂਰ ਲੋਕਾਂ ਦਾ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ। ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਨੇ ਭਾਰਤ ਦੇ ਹਰ ਇਨਸਾਨ ਦਾ ਦਿਲ ਬੇਹੱਦ ਦੁਖੀ ਕੀਤਾ ਹੈ, ਸਿੱਟੇ ਵਜੋਂ ਹਰੇਕ ਦੇ ਦਿਲ ਵਿੱਚ ਦੁਸ਼ਮਣਾਂ ਪ੍ਰਤੀ ਨਫਰਤ ਦੀ ਭਾਵਨਾ ਪ੍ਰਗਟ ਹੋਣੀ ਵੀ ਸੁਭਾਵਿਕ ਹੈ। ਪਹਿਲਗਾਮ ਹਮਲੇ ਵਿੱਚ ਸ਼ਹੀਦ ਹੋਏ 26 ਬੇਕਸੂਰ ਭਾਰਤੀਆਂ ਦਾ ਰੋਸ ਸਮੁੱਚੇ ਭਾਰਤੀਆਂ ਨੂੰ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਨਜ਼ਦੀਕੀ ਪਿੰਡ ਧੁੱਗਾ ਕਲਾਂ ਦੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਸਤਰੰਜਨ ਸਿੰਘ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ਉਹਨਾਂ ਕਿਹਾ ਕਿ ਪਹਿਲਗਾਮ ਕੀਤੇ ਗਏ ਅੱਤਵਾਦੀਆਂ ਵੱਲੋਂ ਹਮਲੇ ਦਾ ਬਦਲਾ ਲੈਣ ਲਈ ਭਾਰਤ ਸਰਕਾਰ ਵੱਲੋਂ ਆਰਮੀ ਅਤੇ ਏਅਰ ਫੋਰਸ ਦੇ ਸਹਿਯੋਗ ਨਾਲ ਪਾਕਿਸਤਾਨ ਦੇ ਕਈ ਅੱਤਵਾਦੀ ਟਿਕਾਣਿਆਂ ਤੇ "ਓਪਰੇਸ਼ਨ ਸੰਦੂਰ



"ਚਲਾ ਕੇ ਅੱਤਵਾਦ ਦਾ ਖਾਤਮਾ ਕਰਨ ਦੀ ਪਹਿਲ ਕਦਮੀਂ ਕੀਤੀ ਗਈ ਜੋ ਕਿ ਭਾਰਤ ਦੀ ਆਰਮੀ ਵੱਲੋਂ ਇਹ ਹਮਲਾ ਕਰਨਾ ਬਣਦਾ ਵੀ ਸੀ ! ਉਹਨਾਂ ਕਿਹਾ ਕਿ ਭਾਰਤ ਦੇ ਸੈਂਕੜੇ ਸ਼ਹਿਰਾਂ ਤੇ ਬਾਰਡਰ ਏਰੀਏ ਵਿੱਚ ਮੌਲਿਕ ਡਰਿੱਲ ਦਾ ਪ੍ਰਯੋਗ ਵੀ ਕੀਤਾ ਗਿਆ ਅਤੇ 'ਬਲੈਕ ਆਊਟ' ਕਰਕੇ ਲੋਕਾਂ ਨੂੰ ਯੁੱਧ ਦਾ ਮੁਕਾਬਲਾ ਕਰਨ ਸਬੰਧੀ ਸਿਖਲਾਈ ਤੇ ਰਹਿਸਲ ਵੀ ਕਰਵਾਈ ਗਈ। ਜਿਸ ਨਾਲ ਪਾਕਿਸਤਾਨ ਬੌਖਲਾਹਟ ਵਿੱਚ ਆ ਗਿਆ ਹੈ। ਪਰ ਜੰਗ ਦੋਵੇਂ ਹੀ ਨੁਕਸਾਨ ਕਰੇਗੀ । ਉਹਨਾਂ ਕਿਹਾ ਕਿ ਅਸੀਂ ਰਲ ਮਿਲਕੇ ਦੋਵਾਂ ਦੇਸਾ ਨੂੰ ਇੱਕ ਮਾਲਾ ਵਿੱਚ ਪਿਰੋਉਣ ਦਾ ਯਤਨ ਕਰੀਏ ਅਤੇ ਸਭ ਨੂੰ ਸੁਰੱਖਿਤ ਮਾਹੌਲ ਦੇਣ ਦਾ ਯਤਨ ਕਰੀਏ ਉਹਨਾਂ ਕਿਹਾ ਕਿ ਜੰਗ ਦਾ ਖਿਆਲ ਸਾਡੇ ਸੁਪਨਿਆਂ ਵਿੱਚ ਵੀ ਨਾ ਆਵੇ ਸਾਨੂੰ ਲੋੜ ਹੈ ਆਪਸੀ ਪਿਆਰ ਭਾਈਚਾਰੇ ਮਿਲਵਰਤਣ ਦੀ, ਸ਼ਹੀਦ ਹੋਏ ਅਤੇ ਜਖਮੀ ਹੋਏ ਭਾਰਤ ਦੇ ਫੌਜੀ ਜਵਾਨਾਂ ਦੇ ਪਰਿਵਾਰਾਂ ਨਾਲ ਹਮਦਰਦੀ ਕਰਨ ਦੀ, ਸਭਦੀ ਵੱਧ ਤੋਂ ਵੱਧ ਸਹਾਇਤਾ ਕਰਨ ਦੀ ਨਾ ਕਿ ਜੰਗ ਦੀ ਪਹਿਲ ਕਦਮੀ ਵਰਗੇ ਹਮਲਿਆਂ ਦੇ ਜਸ਼ਨ ਮਨਾਉਣ ਦੀ ਕਿਉਂਕਿ ਇਹਨਾਂ ਹਮਲਿਆਂ ਨਾਲ ਸਾਨੂੰ ਸਭ ਨੂੰ ਆਉਣ ਵਾਲੇ ਸਮੇਂ ਵਿੱਚ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਹਨਾਂ ਕਿਹਾ ਕਿ ਹੁਣ ਲੋੜ ਹੈ ਬੈਠ ਕੇ ਸਾਥੀ ਮੁਲਕਾਂ ਨਾਲ ਵਿਚਾਰ ਚਰਚਾਵਾਂ ਕਰਕੇ ਸਮੱਸਿਆਵਾਂ ਨੂੰ ਸੁਲਝਾਉਣ ਦੀ ਨਾ ਕਿ ਜੰਗ ਕਰਨ ਦੀ ਕਿਉਂਕਿ ਪਹਿਲਾਂ ਹੀ ਅਸੀਂ ਬਹੁਤ ਕੀਮਤੀ ਸੂਰਮੇ ਗਵਾ ਚੱਕੇ ਹਾਂ।

# ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਅਤੇ ਅਲਾਇੰਸ ਕਲੱਬ ਦੇ ਮੈਂਬਰਾਂ ਨੇ ਬਿਰਧ ਆਸ਼ਰਮ ਵਿਖੇ ਰਹਿੰਦੇ ਬਜ਼ੁਰਗਾਂ ਨਾਲ ਮਨਾਇਆ ਜਨਮ ਦਿਨ

## ਵਾਤਾਵਰਨ ਦੀ ਸ਼ੁੱਧਤਾ ਲਈ ਵੱਖ-ਵੱਖ ਤਰਾਂ ਦੇ ਛਾਂ-ਦਾਰ ਬੂਟੇ ਵੀ ਲਗਾਏ

**ਸ਼੍ਰੀ ਅਨੰਦਪੁਰ ਸਾਹਿਬ** ਸਮਾਜ ਸੇਵੀ ਸੰਸਥਾ ਆਸਰਾ ਫਾਊਂਡੇਸ਼ਨ (ਰਜਿ:) ਸ਼੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਅਤੇ ਅਲਾਇੰਸ ਕਲੱਬ ਸ਼੍ਰੀ ਅਨੰਦਪੁਰ ਸਾਹਿਬ ਦੇ ਮੈਂਬਰ ਮਾਸਟਰ ਸੰਜੀਵ ਧਰਮਾਣੀ ਅਤੇ ਦੋਵੇ ਸੰਸਥਾਵਾਂ ਦੇ ਮੈਂਬਰ ਮਹਿੰਦਰਮੋਹਨ ਸਿੰਘ ਅਤੇ ਗੁਰਪ੍ਰੀਤ ਸਿੰਘ ਗੋਲਡੀ ਵਲੋਂ ਆਪਣਾ ਜਨਮ ਦਿਨ ਸਥਾਨਕ ਸੰਤ ਬਾਬਾ ਹਰਭਜਨ ਸਿੰਘ ਬਿਰਧ ਆਸ਼ਰਮ ਵਿਖੇ ਰਹਿੰਦੇ ਬਜ਼ੁਰਗਾਂ ਨਾਲ ਮਨਾਇਆ ਗਿਆ। ਇਸ ਮੌਕੇ ਜਿੱਥੇ ਉਨ੍ਹਾਂ ਨੇ ਆਸ਼ਰਮ ਦੇ ਬੇਸਹਾਰਾ ਬਜ਼ੁਰਗਾਂ ਨਾਲ ਖੁੱਲ੍ਹਕੇ ਗੱਲਬਾਤ ਕੀਤੀ , ਉੱਥੇ ਹੀ ਉਨ੍ਹਾਂ ਦੇ ਦੁੱਖ ਦਰਦ ਵੰਡਾਉਣ ਦੀ ਕੋਸ਼ਿਸ਼ ਵੀ ਕੀਤੀ। ਉਪਰੰਤ ਆਸ਼ਰਮ ਦੇ ਸਮੂਹ ਬੇਸਹਾਰਾ ਬਜ਼ੁਰਗਾਂ ਨੂੰ ਫਲ, ਬਿਸਕੁਟ, ਸਮੋਸੇ, ਜੂਸ, ਮਠਿਆਈਆਂ ਆਦਿ ਵੀ ਵੰਡੀਆਂ ਗਈਆਂ। ਇਸ ਤੋਂ ਪਹਿਲਾਂ ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਸਾਬਕਾ



ਗਵਰਨਰ ਡਾਕਟਰ ਹਰਦਿਆਲ ਸਿੰਘ ਪੰਨੂੰ ਨੇ ਇੱਕਤਰ ਹੋਏ ਮੈਂਬਰਾਂ ਨੂੰ ਕਿਹਾ ਕਿ ਸਾਨੂੰ ਸਾਰਿਆਂ ਨੂੰ ਵੀ ਇਹਨਾਂ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਬੇਸਹਾਰਿਆਂ ਅਤੇ ਅਨਾਥ ਲੋਕਾਂ ਦੇ ਦੁੱਖ ਦਰਦ ਵੰਡਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਇਸ ਮੌਕੇ ਮਾ.ਸੰਜੀਵ ਧਰਮਾਣੀ, ਮਹਿੰਦਰਮੋਹਨ ਸਿੰਘ ਅਤੇ ਗੁਰਪ੍ਰੀਤ ਸਿੰਘ ਗੋਲਡੀ ਵਲੋਂ ਆਪਣੇ ਜਨਮ ਦਿਨ ਮੌਕੇ ਵੱਖ-ਵੱਖ ਤਰਾਂ ਦੇ ਛਾਂ-ਦਾਰ ਬੂਟੇ ਵੀ ਲਗਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਿਰਧ ਆਸ਼ਰਮ ਦੇ ਮੈਨੇਜਰ ਗੁਰਪ੍ਰਤਾਪ ਸਿੰਘ, ਅੰਕੁਸ਼ ਕੁਮਾਰ, ਦਵਿੰਦਰਪਾਲ ਸਿੰਘ, ਅਵਤਾਰ ਸਿੰਘ, ਗੁਰਪ੍ਰੀਤਮ ਸਿੰਘ, ਦੁਖਭੰਜਨ ਸਿੰਘ, ਗੋਪਾਲ ਸ਼ਰਮਾ, ਅਮਰਜੀਤ ਸਿੰਘ, ਸਤਿੰਦਰਪਾਲ ਸਿੰਘ, ਪ੍ਰਸ਼ਾਂਤ ਵੋਹਰਾ, ਧੀਰਜ ਘਈ, ਦੁਰੋਹਿਨ ਘਈ, ਦਿਲਜੋਤ ਸਿੰਘ, ਸੁਰਿੰਦਰਪਾਲ ਕੌਰ, ਪਰਵਿੰਦਰ ਕੌਰ, ਜਸਨੀਤ ਕੌਰ, ਭਵਨੀਤ ਕੌਰ, ਰਸਲੀਨ ਕੌਰ ਆਦਿ ਹਾਜਰ ਸਨ।

# ਜੰਗਬੰਦੀ ਨਾਲ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨੇ ਵੀ ਲਿਆ ਸੁੱਖ ਦਾ ਸਾਹ

## ਇੰਡੀਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਨੇ ਭਾਰਤ ਪਾਕਿਸਤਾਨ ਵਿਚਕਾਰ ਜੰਗਬੰਦੀ ਦਾ ਕੀਤਾ ਸਵਾਗਤ

**ਲੈਕਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)**- ਭਾਰਤ- ਪਾਕਿਸਤਾਨ ਵਿਚਕਾਰ ਪੈਦਾ ਹੋਏ ਤਨਾਅ ਕਾਰਨ ਵਿਦੇਸ਼ਾਂ ਚ ਰਹਿ ਰਹੇ ਪ੍ਰਵਾਸੀ ਪੰਜਾਬੀਆਂ ਚ ਵੀ ਕਾਫੀ ਚਿੰਤਾ ਬਣੀ ਹੋਈ ਸੀ। ਪ੍ਰੰਤੂ ਭਾਰਤ-ਪਾਕਿਸਤਾਨ ਜੰਗਬੰਦੀ ਤੋ ਬਾਅਦ ਹੁਣ ਵਿਦੇਸ਼ਾਂ ਚ ਵੱਸਦੇ ਪੰਜਾਬੀਆ ਨੇ ਵੀ ਸੁੱਖ ਦਾ ਸਾਹ ਲਿਆ ਹੈ। ਭਾਵੇਂ ਕਿ ਪ੍ਰਵਾਸੀ ਪੰਜਾਬੀ ਭਾਰਤ ਤੋਂ ਬਹੁਤ ਦੂਰ ਵਿਦੇਸ਼ ਦੀ ਧਰਤੀ ਤੇ ਬੈਠੇ ਹਨ, ਪਰ ਉਹਨਾਂ ਦਾ ਹਰੇਕ ਸਮੇਂ ਆਪਣੀ ਜਨਮ ਭੂਮੀ ਪੰਜਾਬ ਵੱਲ ਧਿਆਨ ਰਹਿੰਦਾ ਹੈ, ਅਤੇ ਉਹ ਹਰ ਸਮੇਂ ਪੰਜਾਬ ਦੇ ਹਾਲਾਤਾਂ ਦੇ ਨਜ਼ਰ ਬਣਾਈ ਰੱਖਦੇ ਹਨ ,ਅਤੇ ਆਪਣੀ ਜਨਮ ਭੂਮੀ ਪੰਜਾਬ ਤੋਂ ਆਉਣ ਵਾਲੀ ਬੁਰੀ ਖਬਰ ਤੋਂ ਬਹੁਤ ਚਿੰਤਤ ਹੁੰਦੇ ਹਨ, ਅਤੇ ਹਮੇਸ਼ਾ ਹੀ ਪੰਜਾਬ ਚ ਅਮਨ ਸ਼ਾਂਤੀ ਲਈ ਅਰਦਾਸ ਕਰਦੇ ਹਨ। ਪਿਛਲੇ ਸਮੇਂ ਦੌਰਾਨ ਭਾਰਤ ਪਾਕਿ- ਸਤਾਨ ਦਰਮਿਆਨ ਤਨਾਅ ਵਧਣ ਕਾਰਨ ਇੰਗਲੈਂਡ ਚ ਵਸਦੇ ਪੰਜਾਬੀ ਕਾਫੀ ਚਿੰਤਿਤ ਸਨ। ਪਰੰਤੂ ਹੁਣ ਜੰਗ ਬੰਦੀ ਦੇ ਐਲਾਨ ਤੋਂ ਬਾਅਦ ਇੰਗਲੈਂਡ ਚ ਵਸਦੇ ਪੰਜਾਬੀਆਂ ਨੇ ਖੁਸ਼ੀ



ਸ਼ੀਤਲ ਸਿੰਘ ਗਿੱਲ

ਮਨਾਉਂਦਿਆਂ ਦੋਵਾਂ ਦੇਸ਼ਾ ਵਿਚਕਾਰ ਹੋਈ ਸਹਿਮਤੀ ਤੇ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਦਾ ਧੰਨਵਾਦ ਕੀਤਾ ਹੈ। ਇਸ ਸਬੰਧੀ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕੀ ਇੰਡੀਅਨ ਵਰਕਰ ਐਸੋਸੀਏਸ਼ਨ ਭਾਰਤ-ਪਾਕਿਸਤਾਨ ਵਿਚਕਾਰ ਜੰਗਬੰਦੀ ਦਾ ਦਿਲੋਂ ਸਵਾਗਤ ਕਰਦੀ ਹੈ,ਅਤੇ ਦੋਵਾਂ ਦੇਸ਼ਾਂ ਨੂੰ ਇਕੱਠੇ ਹੋਣ ਅਤੇ ਗੱਲਬਾਤ ਅਤੇ ਤਣਾਅ ਘਟਾਉਣ ਅਤੇ ਆਪਸੀ ਗੱਲਬਾਤ ਰਾਹੀਂ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦੀ ਹੈ, ਕਿਉਂਕਿ ਇਹ ਸਾਰਿਆਂ ਦੇ ਹਿੱਤ ਵਿੱਚ ਹੈ॥ਸ ਗਿੱਲ ਨੇ ਕਿਹਾ ਕਿ ਭਾਰਤੀ ਫੌਜ ਨੇ 7 ਮਈ ਨੂੰ ਪਾਕਿਸਤਾਨ ਦੇ ਅੰਦਰ ਹਮਲੇ ਕੀਤੇ ਸਨ, ਜਿਸ ਨੂੰ ਉਸਨੇ 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਹਮਲੇ ਦਾ ਬਦਲਾ ਦੱਸਿਆ ਸੀ, ਜਿਸ ਵਿੱਚ ਇਕਲੌਤੇ ਹਿੰਦੂਆ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਅਤੇ 26 ਲੋਕ ਮਾਰੇ ਗਏ ਸਨ, ਜੋ ਕਿ ਹਿੰਦੂ ਸੈਲਾਨੀ ਸਨ।ਸ ਗਿੱਲ ਨੇ ਕਿਹਾ ਕਿ ਦੋਵਾਂ ਪ੍ਰਮਾਣੂ ਹਥਿਆਰਬੰਦ ਗੁਆਂਢੀਆਂ ਨੇ ਤੋਪਖਾਨੇ, ਗੋਲੀਬਾਰੀ, ਮਿਜ਼ਾਈਲਾਂ ਅਤੇ ਡਰੋਨਾਂ ਦਾ ਆਦਾਨ-ਪ੍ਰਦਾਨ ਕੀਤਾ, ਜਿਸ ਨਾਲ ਦੋਵਾਂ ਪਾਸਿਆਂ ਦੇ ਮਾਸੂਮ ਲੋਕ ਮਾਰੇ ਗਏ, ਅਤੇ ਇੱਕ ਵਿਸ਼ਾਲ ਯੁੱਧ ਦੀ ਚਿੰਤਾ ਪੈਦਾ ਹੋਈ।
ਗਿੱਲ ਨੇ ਵਿਸ਼ਵ ਭਾਈਚਾਰੇ ਨੂੰ ਕੁਝ ਮੀਡੀਆ ਚੈਨਲਾਂ ਰਾਹੀਂ ਗਲਤ ਜਾਣਕਾਰੀ ਤੋਂ ਸੁਚੇਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਮੀਡੀਆ ਚੈਨਲ ਲੋਕਾਂ ਨੂੰ ਧਾਰਮਿਕ ਆਧਾਰ 'ਤੇ ਵੰਡਦੇ ਹਨ, ਅਤੇ ਫਿਰਕੂ ਨਫ਼ਰਤ ਫੈਲਾਉਂਦੇ ਹਨ।ਇਸ ਲਈ ਇਨ੍ਹਾਂ ਤੋਂ ਸਾਰਿਆਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ।
ਸ਼ ਗਿੱਲ ਨੇ ਕਿਹਾ ਕਿ ਅਸੀਂ ਵਿਸ਼ਵ ਭਾਈਚਾਰੇ ਦੇ ਸਾਰੇ ਸ਼ਾਂਤੀ-ਪ੍ਰੇਮੀ ਲੋਕਾਂ ਅਤੇ ਸੰਗਠਨਾਂ ਦਾ ਵੀ ਧੰਨਵਾਦ ਕਰਦੇ ਹਾ,ਜੋ ਲਗਾਤਾਰ ਜੰਗ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਦੇ ਹਨ। ਅਸੀਂ ਉਨ੍ਹਾਂ ਨਾਲ ਇੱਕ ਵਿਸ਼ਾਲ ਅਤੇ ਮਜ਼ਬੂਤ ਗੱਠਜੋੜ ਬਣਾਉਣਾ ਜਾਰੀ ਰੱਖਾਂਗੇ।

# ਸਾਬਕਾ ਤਰਕਸ਼ੀਲ ਮੈਂਬਰ ਹਰਦੇਵ ਸਿੰਘ ਰਾਠੀ ਦੇ ਦੇਹਾਂਤ ਤੇ ਡੂੰਘਾ ਦੁੱਖ -ਤਰਕਸ਼ੀਲ

- ਪਹਿਲਗਾਮ ਵਿਖੇ ਮਾਰੇ ਗਏ ਨਿਰਦੋਸ਼ ਸੈਲਾਨੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ
- ਤਰਕਸ਼ੀਲ ਮੈਗਜ਼ੀਨ ਦਾ ਮਈ-ਜੂਨ ਲੋਕ ਅਰਪਣ ਕੀਤਾ

**ਸੰਗਰੂਰ।** ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਜਥੇਬੰਦਕ ਮੁਖੀ ਸੁਰਿੰਦਰਪਾਲ ਉਪਲੀ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਹੋਈ । ਮੀਟਿੰਗ ਦੀ ਕਾਰਵਾਈ ਪ੍ਰੈੱਸ ਨਾਲ ਸਾਂਝੀ ਕਰਦਿਆਂ ਮੀਡੀਆ ਮੁਖੀ ਪ੍ਰਗਟ ਸਿੰਘ ਬਾਲੀਆਂ, ਤਰਕਸ਼ੀਲ ਆਗੂ ਸੀਤਾ ਰਾਮ ਬਾਲਦ ਕਲਾਂ ਤੇ ਕ੍ਰਿਸ਼ਨ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਪਹਿਲਗਾਮ ਵਿੱਚ ਮਾਰੇ ਗਏ ਸੈਲਾਨੀਆਂ ਦੀ ਯਾਦ ਵਿੱਚ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ ਤੇ ਨਿਰਦੋਸ਼ ਲੋਕਾਂ ਨੂੰ ਮਾਰਨ ਦੀ ਘਟਨਾ ਦੀ ਘੋਰ ਨਿਖੇਧੀ ਕੀਤੀ ਗਈ। ਉਨ੍ਹਾਂ ਅੱਗੇ ਕਿਹਾ ਕਿ ਜੰਗ ਕਿਸੇ ਵੀ ਮਸਲੇ ਦਾ ਹਲ ਨਹੀਂ।ਇਕਾਈ ਸੰਗਰੂਰ ਦੇ ਸਾਬਕਾ ਮੈਂਬਰ ਹਰਦੇਵ ਸਿੰਘ ਰਾਠੀ ਦੇ ਦੇਹਾਂਤ ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੋਇਆ ਗਿਆ ਤੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਪਰਿਵਾਰ ਵੱਲੋਂ ਮੈਡੀਕਲ ਖੋਜ ਕਾਰਜਾਂ ਲਈ ਸਰੀਰ ਪ੍ਰਦਾਨ ਕਰਨ ਲਈ ਪਰਿਵਾਰ ਦੀ ਸ਼ਾਲਾਘਾ ਕੀਤੀ ਗਈ। ਮੀਟਿੰਗ ਵਿੱਚ






ਤਰਕਸ਼ੀਲ ਮੈਗਜ਼ੀਨ ਦਾ ਮਈ -ਜੂਨ ਅੰਕ ਲੋਕ ਅਰਪਨ ਕੀਤਾ ਗਿਆ। ਤਰਕਸ਼ੀਲ ਮੈਗਜ਼ੀਨ ਦੇ ਨਵੇਂ ਪਾਠਕ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਤੇ 7ਵੀਂ ਵਿਦਿਆਰਥੀ ਚੇਤਨਾ ਪਰਖ਼ ਲਈ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕਰਨ ਲਈ ਸਕੂਲਾਂ ਵਿੱਚ ਜਾਣ ਦਾ ਫ਼ੈਸਲਾ ਕੀਤਾ ਗਿਆ। ਮੀਟਿੰਗ ਵਿੱਚ ਲੋਕਾਂ ਨੂੰ ਅੰਧਵਿਸ਼ਵਾਸ, ਵਹਿਮ ਭਰਮ ਤੇ ਵੇਲਾ ਵਿਹਾਅ ਚੁੱਕੀਆਂ ਰਸਮਾਂ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਆਉਣ ਦਾ ਸੁਨੇਹਾ ਦਿੱਤਾ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਗੁਰਦੀਪ ਸਿੰਘ ਲਹਿਰਾ,ਕ੍ਰਿਸ਼ਨ ਸਿੰਘ, ਸੀਤਾ ਰਾਮ,ਅਮਰ ਸਿੰਘ,ਹੇਮਰਾਜ, ਗੁਰਜੰਟ ਸਿੰਘ, ਕਰਤਾਰ ਸਿੰਘ, ਪ੍ਰਗਟ ਸਿੰਘ ਬਾਲੀਆਂ, ਮਨਧੀਰ ਸਿੰਘ, ਪਰਮਜੀਤ ਕੌਰ ਹਾਜ਼ਰ ਸਨ।

**ਮਾਸਟਰ ਪਰਮ ਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਐਨ ਐਮ ਐਮ ਐਸ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ



**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਸਰਕਾਰੀ ਸਮਾਰਟ ਮਿਡਲ ਸਕੂਲ, ਭੰਗਲ ਖੁਰਦ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਵਜੀਫਾ ਪ੍ਰੀਖਿਆ ਐਨ ਐਮ ਐਮ ਐਸ ਵਿੱਚ ਮੈਰਿਟ ਵਿੱਚ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਜਾਣਕਾਰੀ ਦਿੰਦਿਆਂ ਮੁੱਖ ਅਧਿਆਪਕ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਨੇ ਦੱਸਿਆ ਕਿ ਨੈਸਨਲ ਮੀਨਜ਼ ਕਮ ਮੈਰਿਟ ਸਕਾਲਰਸ਼ਿਪ ਪ੍ਰੀਖਿਆ ਵਿੱਚ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਭੰਗਲ ਖੁਰਦ ਸਕੂਲ ਮੋਹਰੀ ਰਿਹਾ।
ਇਸ ਪ੍ਰੀਖਿਆ ਵਿੱਚ ਭੰਗਲ ਖੁਰਦ ਸਕੂਲ ਦੇ 19 ਵਿਦਿਆਰਥੀ ਮੈਰਿਟ ਵਿੱਚ ਆਏ ਅਤੇ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਜਿਸ ਵਿੱਚ ਲਵਪ੍ਰੀਤ, ਨੰਦ ਲਾਲ ਅਤੇ ਅਭਿਨਵ ਨੇ ਕ੍ਰਮਵਾਰ ਪਹਿਲਾ ,ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੁੱਖ ਅਧਿਆਪਕ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਵੱਲੋ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਅਮਰਗੜ੍ਹ ਦੇ ਅਹੁਦੇਦਾਰਾਂ ਵੱਲੋਂ ਵੀ ਇਸ ਦੌਰਾਨ ਮੈਰਿਟ ਵਿੱਚ ਆਏ ਵਿਦਿਆਰਥੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਨੀਰਜ ਕੁਆਰੀ ਸਟੇਟ ਅਵਾਰਡੀ, ਹਰਜੀਤ ਕੌਰ, ਮਨਜਿੰਦਰ ਕੌਰ,ਰਾਮ ਕਪੂਰ, ਸੁਰਜੀਤ ਸਿੰਘ, ਰਾਜ ਕੁਮਾਰ, ਨਰੇਸ਼ ਕੁਮਾਰੀ, ਸਵਾਮੀ ਦਾਸ,ਚੇਅਰਮੈਨ ਅਮਨਦੀਪ, ਬਲਵੀਰ ਸਿੰਘ, ਦਵਿੰਦਰ ਕੌਰ,, ਜੀਵਨ ਕੁਮਾਰ ,ਕ੍ਰਿਸ਼ਨ ਪੰਚ, ਲਹਿੰਬਰ ਸਿੰਘ, ਸਰਪੰਚ ਭਜਨ ਸਿੰਘ ਖਰੌੜ ਅਤੇ

# ਸਫ਼ਲਤਾ ਲਈ ਸਾਰਥਿਕ ਦ੍ਰਿਸ਼ਟੀਕੋਣ ਰੱਖਣ ਦੀ ਲੋੜ 'ਤੇ ਜ਼ੋਰ

## ਢਾਹਾਂ ਕਲੇਰਾਂ ਦੇ ਮਿਸ਼ਨਰੀ ਅਦਾਰਿਆਂ ਦੀਆਂ ਸੇਵਾਵਾਂ ਦੀ ਪ੍ਰੋੜਤਾ

**ਬੰਗਾ ( ਚਰਨਜੀਤ ਸੱਲ੍ਹਾਂ )** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਦਫ਼ਤਰ 'ਚ ਮੀਡੀਆ ਟੀਮ ਦੇ ਨੁਮਾਇੰਦਿਆਂ ਦੀ ਵਿਸ਼ੇਸ਼ ਇਕੱਤਰਤਾ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਕਿਹਾ ਕਿ ਸਾਰਥਿਕ ਦ੍ਰਿਸ਼ਟੀਕੋਣ ਰੱਖ ਕੇ ਹੀ ਜੀਵਨ ਨੂੰ ਸਫ਼ਲਤਾ ਦੇ ਰਾਹੇ ਤੋਰਿਆ ਜਾ ਸਕਦਾ ਹੈ।

ਟਰੱਸਟ ਦੇ ਸੀਨੀਅਰ ਮੀਤ ਪ੍ਰਧਾਨ ਬਰਜਿੰਦਰ ਸਿੰਘ ਢਾਹਾਂ ਨੇ ਉਸਾਰੂ ਅਤੇ ਉਤਸ਼ਾਹੂ ਧਾਰਨਾ ਵਿੱਚ ਲਬਰੇਜ਼ ਮਿਸ਼ਨ ਦੇ ਹਾਮੀਦਾਰ ਬਣਨ ਅਤੇ ਲੋਕ ਭਲਾਈ ਦੇ ਕਾਰਜਾਂ ਲਈ ਵਲੰਟੀਅਰ ਵਜੋਂ ਸੇਵਾਵਾਂ ਨਿਭਾ ਕੇ ਸ਼ਖ਼ਸੀਅਤ ਦਾ ਬਹੁਪੱਖੀ ਨਿਰਮਾਣ ਹੁੰਦਾ ਹੈ। ਉਹਨਾਂ ਆਪਣੀ ਪਹੁੰਚ ਨੂੰ ਕੌਮਾਂਤਰੀ ਹੁੰਗਾਰਾ ਦੇਣ ਲਈ ਕਾਰਜਸ਼ੀਲਤਾ ਨੂੰ ਅਧਿਐਨਾਤਮਕ ਮਾਹੌਲ ਦੇਣਾ ਨੂੰ ਪਹਿਲ ਦੇਣੀ ਚਾਹੀਦੀ ਹੈ। ਹਾਜ਼ਰ ਨੁਮਾਇੰਦਿਆਂ 'ਚੋਂ ਸਮਾਜਿਕ ਚਿੰਤਕ ਡਾ. ਗੁਰਤੇਜ ਸਿੰਘ, ਗੁਰੂ ਨਾਨਕ ਕਾਲਜ ਆਫ ਨਰਸਿੰਗ ਦੇ ਵਾਇਸ ਪ੍ਰਿੰਸੀਪਲ ਰਮਨਦੀਪ ਕੌਰ, ਦਫ਼ਤਰ ਸੁਪਰਡੈਂਟ ਮਹਿੰਦਰਪਾਲ ਸਿੰਘ ਅਤੇ ਮੈਡਮ ਗੁਰਪ੍ਰੀਤ ਕੌਰ ਨੇ ਵੀ ਉਕਤ ਵਿਚਾਰਾਂ ਦੀ ਪ੍ਰੋੜਤਾ ਕੀਤੀ ਅਤੇ ਸਮੇਂ ਦੇ ਹਾਣੀ ਬਣਨ ਲਈ ਚੰਗੀ ਸੰਗਤ ਅਤੇ ਚੰਗੇ ਸਾਹਿਤ ਨਾਲ ਜੁੜਣ ਦੀ ਲੋੜ 'ਤੇ ਜ਼ੋਰ ਦਿੱਤਾ।ਇਸ ਮੌਕੇ ਫਰੰਟ ਡੈੱਸਕ ਮੈਨੇਜਰ ਜੋਤੀ ਭਾਟੀਆ, ਸਾਹਿਤਕਾਰ ਸੁਰਜੀਤ ਮਜਾਰੀ, ਅਧਿਆਪਕ ਰਮਨ ਕੁਮਾਰ ਅਤੇ ਫੋਟੋਗਰਾਫਰ ਰੁਪਿੰਦਰ ਸੰਧੂ ਨੇ ਵੀ ਵਿਚਾਰਾਂ ਦੀ ਸਾਂਝ ਪਾਈ। ਸਮੂਹ ਹਾਜ਼ਰੀਨ ਨੇ ਉਕਤ ਟਰੱਸਟ ਦੀ ਅਗਵਾਈ ਵਿੱਚ ਚੱਲਦੇ ਮੈਡੀਕਲ ਅਤੇ ਸਿੱਖਿਆ ਅਦਾਰਿਆਂ ਦੀਆਂ ਸੇਵਾਵਾਂ ਦੀ ਭਰਪੂਰ ਪ੍ਰੋੜਤਾ ਕੀਤੀ।



ਢਾਹਾਂ ਕਲੇਰਾਂ ਵਿਖੇ ਮੀਡੀਆ ਟੀਮ ਦੀ ਮੀਟਿੰਗ ਦੌਰਾਨ ਸਮੂਹ ਨੁਮਾਇੰਦੇ।

# ਅੱਖੀਂ ਵੇਖਿਆ ਮਿਲਡੂਰੇ ਦਾ ਖੇਡ ਮੇਲਾ ਯਾਦਗਾਰੀ ਹੋ ਨਿੱਬੜਿਆ ਮਿਲਡੂਰੇ ਦਾ ਖੇਡ ਮੇਲਾ

**ਆਸਟ੍ਰੇਲੀਆ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਆਸਟ੍ਰੇਲੀਆ ਮਿਲਡੂਰਾ ਤੋਂ ਜਗਰੂਪ ਸਿੰਘ ਜਰਖੜ ਦੇ ਵਿਸ਼ੇਸ਼ ਰਿਪੋਰਟ ਵਿਕਟੋਰੀਆ ਦਾ ਬਾਗਾਂ ਵਾਲਾ ਸ਼ਹਿਰ ਮਿਲਡੂਰਾ ਜਿੱਥੇ ਪੰਜਾਬੀਆਂ ਦੀ ਵਸੋ ਥੋੜੀ ਜਿਹੀ ਘੱਟ ਹੀ ਹੈ ਪਰ ਚਰਚਾ ਪੂਰੇ ਆਸਟ੍ਰੇਲੀਆ ਵਿੱਚ ਹੈ।ਪੰਜਾਬੀ ਵੱਡੇ ਵੱਡੇ ਖੇਤੀਬਾਰੀ ਫਾਰਮਾਂ ਹਾਊਸਾ ਦੇ ਮਾਲਕ ਹਨ ਅਤੇ ਹੋਰ ਵਪਾਰਾਂ ਵਿੱਚ ਆਪਣੀ ਦਸਾਂ ਨਹੁੰਆਂ ਦੀ ਕਿਰਤ ਸਦਕਾ ਅਮੀਰਜ਼ਾਦੇ ਹਨ। ਬੀਤੇ ਦਿਨੀ ਸ਼ਹੀਦ ਊਧਮ ਸਿੰਘ ਕਲੱਬ ਮਿਲਡੂਰਾ ਵੱਲੋਂ ਕਰਵਾਇਆ ਗਿਆ ਤੀਸਰਾ ਖੇਡ ਮੇਲਾ ਇੱਕ ਯਾਦਗਾਰੀ ਸਮਾਗਮ ਹੋ ਨਿਬੜਿਆ । ਮੈਨੂੰ ਪਹਿਲੀ ਵਾਰ ਮਿਲਡੂਰਾ ਦਾ ਖੇਡ ਮੇਲਾ ਵੇਖਣ ਨੂੰ ਮਿਲਿਆ। ਮਿਲਡੂਰਾ ਸਪੋਰਟਿੰਗ ਪਰੀਸੈਂਟ ਆਲੀਸ਼ਾਨ ਖੇਡ ਸਟੇਡੀਅਮ ਦੀਆਂ ਹਰੇ ਭਰੇ ਘਾਹ ਨਾਲ ਲਸ਼ਕਦੀਆਂ ਗਰਾਊਂਡਾਂ ਵਿੱਚ ਖੇਡਾਂ ਦੀ ਸ਼ੁਰੂਆਤ ਬੜੇ ਸੁਹਾਵਨੇ ਮਾਹੌਲ ਵਿੱਚ ਹੋਈ। ਜਿੱਥੇ ਇੱਕ ਪਾਸੇ ਗੁਰੂ ਘਰ ਦੇ ਲੰਗਰ ਦੀ ਪ੍ਰਥਾ ਚੱਲ ਰਹੀ ਸੀ ਦੂਜੇ ਪਾਸੇ ਐਡੀਲੇਡ ਤੋਂ ਆਏ ਕਰਨ ਬਰਾੜ ਦੀ ਸਿੱਖ ਇਤਿਹਾਸ ਨਾਲ ਪੁਰਾਤਨ ਪ੍ਰਦਰਸ਼ਨੀ ਲੋਕਾਂ ਲਈ ਖਿੱਚ ਦਾ ਕੇਂਦਰ ਬਣੀ ਹੋਈ ਸੀ । ਖੱਬੇ ਪਾਸੇ ਬੱਚਿਆਂ ਦੇ ਫੁੱਟਬਾਲ ਦੇ ਮੈਚ ਚੱਲ ਰਹੇ ਸਨ । ਦੂਜੇ ਪਾਸੇ ਰੱਸਾਕਸ਼ੀ ਵਾਲੇ ਆਪਣੀਆਂ ਤਿਆਰੀਆਂ ਵਿੱਚ ਜੁਟੇ ਹੋਏ ਸਨ ,ਪਰ ਕਬੱਡੀ ਦਾ ਰਾਮਰੌਲਾ ਉਹੀ ਸੀ ਕਿ ਕਿਸੇ ਵੀ ਟੂਰਨਾਮੈਂਟ ਵਿੱਚ ਕਬੱਡੀ ਦੇ ਮੈਚ 3 ਵਜੇ ਤੋਂ ਪਹਿਲਾਂ ਕਦੇ ਵੀ ਸਟਾਰਟ ਨਹੀਂ ਹੁੰਦੇ ,ਚਲੋ ਗੱਲ ਕਰੀਏ ਖੇਡ ਮੇਲੇ ਦੀ ਜੇਕਰ ਦੇਖਿਆ ਜਾਵੇ ਕਿ ਕਿ ਰੱਸਾਕਸ਼ੀ ਵਿੱਚ ਸ਼ੈਪਟਨ ਦੇ ਗੱਭਰੂ ਪਹਿਲੇ ਨੰਬਰ ਤੇ, ਕੋਬਰਿਮ ਦੇ ਨੌਜਵਾਨ ਦੂਜੇ ਨੰਬਰ ਤੇ ਰਹੇ। ਫੁੱਟਬਾਲ ਸੀਨੀਅਰ ਵਰਗ ਮੁੰਡਿਆਂ ਵਿੱਚ ਮਿਲਡੂਰਾ ਯੂਨਾਈਟਡ ਪਹਿਲੇ ਨੰਬਰ ਤੇ , ਸ਼ਹੀਦ ਊਧਮ ਸਿੰਘ ਕਲੱਬ ਮਿਲਦੂਰਾ ਦੂਜੇ ਨੰਬਰ ਤੇ ਰਹੀ। ਫੁੱਟਬਾਲ ਕੁੜੀਆਂ ਵਿੱਚ ਟੀਡਾਸ ਕਲੱਬ ਪਹਿਲੇ ਨੰਬਰ ਤੇ ਨਿਕਲਸ ਪੁਆਇੰਟ ਦੂਜਾ ਨੰਬਰ ਤੇ ਰਹੇ , ਫੁੱਟਬਾਲ ਅੰਡਰ 14 ਸਾਲ ਵਰਗ ਵਿੱਚ ਰਿੰਪਲ ਨਾਈਟ ਪਹਿਲੇ ਨੰਬਰ ਤੇ ਮਿਲਡੂਰਾ ਯੂਨਾਇਟੇਡ ਦੂਜੇ ਨੰਬਰ ਤੇ ਰਹੇ । ਅੰਡਰ 12 ਸਾਲ ਫੁੱਟਬਾਲ ਵਿੱਚ ਨਿਕਲਸ ਪੁਆਇੰਟ ਪਹਿਲੇ ਨੰਬਰ ਤੇ ਸ਼ਹੀਦ ਊਧਮ ਸਿੰਘ





ਕਲੱਬ ਮਿੱਲਡੂਰਾ ਦੂਜੇ ਨੰਬਰ ਤੇ ਰਹੀ । ਕਬੱਡੀ ਵਿੱਚ ਯੰਗ ਕਬੱਡੀ ਕਲੱਬ ਨੇ ਸ਼ਹੀਦ ਊਧਮ ਸਿੰਘ ਕਲੱਬ ਮਲੂਰਾ ਨੂੰ 43 - 37 ਅੰਕਾਂ ਹਰਾ ਕੇ ਪਹਿਲਾਂ ਸਥਾਨ ਹਾਸਿਲ ਕੀਤਾ । ਮਿਲਡੂਰਾ ਦਾ ਮਹੈਸ਼ੀ ਹਰਖੋਵਾਲ 19 ਪੁਆਇੰਟਾਂ ਨਾਲ ਸਰਵੋ-ਤਮ ਰੇਡਰ ਬਣਿਆ, ਜਦ ਕਿ ਮੈਲਬੌਰਨ ਦਾ ਗੁਰਵਿੰਦਰ ਘਾਗੇਂਵਾਲ ਵਧੀਆ ਜਾਫੀ ਚੁਣਿਆ ਗਿਆ। ਇਸ ਮੌਕੇ ਬੀਬੀਆਂ ਦੀ ਮਿਊਜੀਕਲ ਚੇਅਰ ਰੇਸ ਮੁੱਖ ਖਿੱਚ ਦਾ ਕੇਂਦਰ ਰਹੀ। ਬੱਚਿਆਂ ਦੀਆਂ ਦੌੜਾਂ ਵੀ ਕਾਬਲੇਤਰੀਫ ਸੀ। ਅੰਗਰੇਜ਼ਾਂ ਦੇ ਬੱਚਿਆਂ ਨੇ ਵੀ ਇਸ ਖੇਡ ਮੇਲੇ ਵਿੱਚ ਵੀ ਵੱਡੀ ਗਿਣਤੀ ਵਿੱਚ ਭਾਗ ਲਿਆ। ਟੂਰਨਾਮੈਂਟ ਦੌਰਾਨ ਜਿੱਥੇ ਮਿਲਡੂਰਾ ਦੀ ਮੇਅਰ ਹੈਲੀ ਹੈਲਨ ਨੇ ਹਾਜਰੀ ਭਰੀ ਉਥੇ ਟੂਰਨਾਮੈਂਟ ਦੇ ਉਦਘਾਟਨੀ ਸਮਾਰੋਹ ਵਿੱਚ ਤੇ ਮੈਂਬਰ ਪਾਰਲੀਮੈਂਟ "ਐਨ ਵੈਬਸਟਰ" ਨੇ ਖੇਡਾਂ ਦਾ ਉਦਘਾਟਨ ਕੀਤਾ ਅਤੇ ਉਦਘਾਟਨੀ ਮੈਚਾ ਦੀਆਂ ਫੁੱਟਬਾਲ ਅਤੇ ਕਬੱਡੀ ਦੀਆਂ ਟੀਮਾਂ ਦੇ ਨਾਲ ਜਾਣ ਪਹਿਚਾਣ ਕਰਦੇ ਦੱਸਿਆ ਕਿ ਮਿਲਡੂਰਾ ਦੇ ਵਿਕਾਸ ਵਿੱਚ ਪੰਜਾਬੀਆਂ ਦਾ ਵੱਡਾ ਯੋਗਦਾਨ ਹੈ। ਪੰਜਾਬੀ ਹੁਣ ਖੇਡਾਂ ਦੇ ਖੇਤਰ ਵਿੱਚ ਵੀ ਵਿਲੱਖਣ ਪਹਿਚਾਣ ਬਣਾਉਣਗੇ ।ਉਸ ਤੋਂ ਬਾਅਦ ਸ਼ਾਮ ਦੇ ਟਾਈਮ ਖੇਡਾਂ ਦੇ ਫਾਈਨਲ ਦੌਰਾਨ ਮਿਲਡੂਰਾ ਦੀ ਐਮ ਐਲ ਏ "ਜੇਡ ਬੇਨਮ " ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਹਨਾਂ ਨੇ ਕਬੱਡੀ ਟੀਮਾਂ ਨਾਲ ਜਾਣ ਪਹਿਚਾਣ ਕੀਤੀ । ਐਮ ਐਲ ਏ ਸਾਹਿਬਾ ਜੇਡ ਬੇਨਮ ਨੇ ਟੂਰਨਾਮੈਂਟ ਦੇ ਪ੍ਰਬੰਧਕਾਂ ਖਾਸ ਕਰਕੇ ਮੁੱਖ ਪ੍ਰਬੰਧਕ ਬੌਬੀ ਗਿੱਲ ਅਤੇ ਕਮਲਜੀਤ ਸਿੰਘ ਗਰੇਵਾਲ ਨੂੰ ਉਚੇਚੇ ਤੌਰ ਤੇ ਵਧਾਈ ਦਿੱਤੀ। ਇਸ ਮੌਕੇ ਖੇਡਾਂ ਦੇ ਗੋਲਡ ਸਪੋਂਸਰ ਮੇਜਰ ਸਿੰਘ, ਭਗਵੰਤ ਸਿੰਘ ਚੰਦੀ, ਸਨੀ ਗਰੇਵਾਲ ਨਾਰੰਗਵਾਲ,ਜਦਕਿ ਟੂਰਨਾਮੈਂਟ





ਦੇ ਪਲਾਟੀਨਮ ਸਪਾਂਸਰ ਕਮਲਜੀਤ ਸਿੰਘ ਮਨਸ਼ੂਰਾ ਗਰੇਵਾਲ ਆਟਾ ਚੱਕੀ ਵਾਲੇ, ਮਨਜਿੰਦਰ ਸਿੰਘ ਗਰੇਵਾਲ, ਵਿਕਰਮ ਸਿੰਘ, ਹਰਮੇਸ਼ ਸਿੰਘ ਰੋਡਾ , ਚੈਰੀ ਗਰੇਵਾਲ ਗੁੱਜਰਵਾਲ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸਿਲਵਰ ਸਪਾਂਸਰ ਤੇਜੀ ਗਰੇਵਾਲ, ਸਤਨਾਮ ਸਿੰਘ ਦਿਓਲ, ਮਾਝੇ ਵਾਲੇ ਭਾਓ , ਹਿਰਦੇਪ੍ਰੀਤ ਸਿੰਘ ਮਲਹਾਂਸ ਟਰਾਂਸਪੋਰਟ, ਰਘਬੀਰ ਸਿੰਘ ਕਰੀ ਐਂਡ ਤੰਦੂਰ ਰੈਸਟੋਰੈਂਟ , ਸਿਮਰਨਜੀਤ ਸਿੰਘ ਅਰਲੀ ਆਸਟਰੇਲੀਅਨ ਮੋਟਲ , ਹਰਵਿੰਦਰ ਸਿੰਘ ਚੌਧਰੀ, ਗੋਲਡੀ ਸਿੰਘ ਹੈਲੋ ਟੈਕਸੀ, ਨੂੰ ਵੀ ਉਨਾਂ ਦੀਆਂ ਤਨ ਮਨ ਧਨ ਦੀਆਂ ਵਧੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਖੇਡ ਮੈਦਾਨਾਂ ਵਿੱਚ ਮਨਿੰਦਰ ਬਰਾੜ ਅਤੇ ਨਿਊਜੀਲੈਂਡ ਤੋਂ ਅਮਨ ਰੰਧਾਵਾ ਨੇ ਆਪਣੀ ਖੇਡ ਕਮੈਂਟਰੀ ਦੇ ਰੰਗ ਬੰਨਿਆ। ਮੈਲਬਰਨ ਤੋਂ ਆਏ ਨਵਦੀਪ ਸਿੰਘ ਬੱਲ ਬਤਾਲਾ ਨੇ ਆਪਣੀ ਫੋਟੋ ਕਲਾਕਾਰੀ ਨਾਲ ਖੇਡ ਮੇਲੇ ਦਾ ਰੰਗ ਆਪਣੇ ਕੈਮਰੇ ਚ ਕੈਦ ਕੀਤਾ।





ਅੰਤ ਵਿੱਚ ਬੌਬੀ ਗਿੱਲ ਨੇ ਆਏ ਮਹਿਮਾਨਾ ਖਿਡਾਰੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ, ਅਤੇ ਐਲਾਨ ਕੀਤਾ ਕਿ ਅਗਲੇ ਵਰ੍ਹੇ ਮਿਲਡੂਰੇ ਦਾ ਖੇਡ ਮੇਲਾ ਅਪਰੈਲ ਮਹੀਨੇ 18-19 ਅਪ੍ਰੈਲ 2026 ਦੇ ਆਖਰੀ ਹਫਤੇ ਹੋਵੇਗਾ। ਵੇਖਣ ਯੋਗ ਹੈ ਬਾਗਾਂ ਦਾ ਸ਼ਹਿਰ ਹੈ ਮਿਲਡੂਰਾ ਵਿਕਟੋਰੀਆ ਸਟੇਟ ਵਿੱਚ ਪੈਂਦਾ ਮੈਲਬੋਰਨ ਤੋਂ 550 ਕਿਲੋਮੀਟਰ ਦੂਰ ਮਿਲਡੂਰਾ ਸਿਟੀ, ਜਿਸ ਦੀ ਆਬਾਦੀ ਲਗਭਗ 35000 ਹਜ਼ਾਰ ਦੇ ਕਰੀਬ ਹੈ , ਇਹ 1934 ਵਿੱਚ ਸਥਾਪਿਤ ਹੋਇਆ। ਮਿਲਡੂਰਾ ਸ਼ਹਿਰ ਨੂੰ ਬਾਗਾਂ ਦਾ ਸ਼ਹਿਰ ਮੰਨਿਆ ਜਾਂਦਾ ਹੈ। ਜਿੱਥੇ ਵੱਡੀ ਗਿਣਤੀ ਵਿੱਚ ਅੰਗੂਰਾਂ ,ਬਦਾਮਾਂ ,ਸੰਗਤਰੇ ਅਤੇ ਖੇਤੀਬਾੜੀ ਦੇ ਨਾਲ ਸੰਬੰਧਿਤ ਫਾਰਮ ਹਾਊਸ ਹਨ । ਇਥੋਂ ਦਾ ਦੇ 2 ਚਰਚਿਤ ਦਰਿਆ ਆਸਟਰੇਲੀਆ ਦੀ ਸਭ ਤੋਂ ਲੰਬੀ ਰਿਵਰ ਮਰੀ , ਸਾਊਥ ਵੇਲਜ ਵੱਲੋਂ ਆ ਰਹੀ ਡਾਰਲਿੰਗ ਰਿਵਰ ਜੋ ਇੱਕ ਥਾਂ ਤੇ ਇਕੱਠੇ ਹੁੰਦੇ ਹਨ ,ਦੋ ਰੰਗਾਂ ਦਾ ਪਾਣੀ ਆਪਸ ਵਿੱਚ ਮਿਲਦਾ ਹੈ ।ਜਿਸ ਦਾ ਨਜ਼ਾਰਾ ਵੇਖਣ ਯੋਗ ਹੈ। ਮਿਲਡੂਰਾ ਸ਼ਹਿਰ ਦੇ ਆਲੇ ਦੁਆਲੇ ਨਿੱਕੇ ਨਿੱਕੇ ਕਸਬੇ ਨਿਕਲਿਸ ਪੁਆਇੰਟ, ਰਿੰਪਲ , ਮਰਬਿਨ, ਰੈੱਡਕਲਿਫ, ਕੇਬਾਰਿਟਾ ਆਦਿ ਵਿੱਚ ਘਿਰਿਆ ਹੋਇਆ ਹੈ। ਮਿਲਡੂਰਾ ਵਿੱਚ ਪੰਜਾਬੀਆਂ ਦੀ ਪਹਿਚਾਣ ਵੱਖਰੀ -ਮਿਲਡੂਰਾ ਸ਼ਹਿਰ ਵਿੱਚ ਵੱਖ ਵੱਖ ਮੁਲਕਾਂ ਦੇ ਪ੍ਰਵਾਸੀ ਅਤੇ ਵੱਖ ਵੱਖ ਧਰਮਾਂ ਦੇ ਲੋਕ ਵਸਦੇ ਹਨ। ਉਥੇ ਇਸ ਸ਼ਹਿਰ ਵਿੱਚ ਪੰਜਾਬੀਆਂ ਦੀ ਪਹਿਚਾਣ ਵੱਖਰੀ ਹੀ ਹੈ। ਪੰਜਾਬੀਆਂ ਨੇ ਆਪਣੀ ਹੱਡ ਤੋੜਵੀਂ ਮਿਹਨਤ ਨਾਲ ਵੱਡੇ ਵੱਡੇ ਫਾਰਮ ਹਾਊਸ ਅਤੇ ਕਾਰੋਬਾਰ ਸਥਾਪਤ ਕੀਤੇ ਹਨ। ਮਨਸੂਰਾਂ ਵਾਲੇ ਕਮਲਜੀਤ ਸਿੰਘ ਗਰੇਵਾਲ ,ਮਨਜਿੰਦਰ ਸਿੰਘ ਗਰੇਵਾਲ ਭਰਾਵਾਂ ਨੇ ਖਾਣ ਪੀਣ ਦੀਆਂ ਵਸਤੂਆਂ ਤਿਆਰ ਕਰਨ ਵਿੱਚ ਆਪਣਾ ਵੱਖਰੀ ਪਹਿਚਾਣ ਬਣਾਈ ਹੈ। ਉਹ ਗਰੇਵਾਲ ਆਟਾ ਚੱਕੀ ਵਾਲੇ ਵਜੋਂ ਜਾਣੇ ਜਾਂਦੇ ਹਨ।ਇਸ ਤੋਂ ਇਲਾਵਾ ਭਗਵੰਤ ਸਿੰਘ ਚੰਦੀ ਅਤੇ ਮੇਜਰ ਸਿੰਘ ਸੰਤਰਿਆਂ ਦੇ ਬਾਗਾਂ ਦੇ ਬਾਦਸ਼ਾਹ ਹਨ। ਬਿਕਰਮ ਸਿੰਘ ਬਾਈ ਨੇ ਵੱਡੇ ਪੱਧਰ ਤੇ ਸਬ ਵੇਅ ਖੋਲ੍ਹੇ ਹਨ । ਸਾਡੇ ਪੱਤਰਕਾਰ ਭਾਈਚਾਰੇ ਦਾ ਸਾਥੀ, ਛੋਟਾ ਭਰਾ ਬੌਬੀ ਗਿੱਲ, ਚੈਰੀ ਗਰੇਵਾਲ 10 ਨੌਹਾਂ ਦੀ ਕਿਰਤ ਕਮਾਈ ਕਰਕੇ 200 ਏਕੜ ਦੇ ਮਾਲਕ ਬਣ ਗਏ ਹਨ, ਅਤੇ ਸਮਾਜ ਸੇਵੀ ਕੰਮਾਂ ਲਈ ਵਧੀਆ ਦਸੌਂਦ ਕੱਢਦੇ ਹਨ । ਮਿਲਡੂਰਾ ਦੇ ਪੰਜਾਬੀ ਭਾਈਚਾਰੇ ਅਤੇ ਸਿੱਖ ਸੰਗਤਾਂ ਵੱਲੋਂ 14 ਏਕੜ ਵਿੱਚ ਗੁਰੂ ਘਰ ਦੀ ਸਥਾਪਨਾ ਕੀਤੀ ਜਾ ਰਹੀ ਹੈ। ਜਗਰੂਪ ਸਿੰਘ ਜਰਖੜ ਖੇਡ ਲੇਖਕ +91-98143-00722

# ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਨੇ "ਮਾਂ ਦਿਵਸ" ਮਨਾਇਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਮਾਂ ਦਿਵਸ ਦੇ ਮੌਕੇ ਤੇ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਵਲੋਂ ਵਿਰਧ ਆਸ਼ਰਮ ਫੱਤੂਆਣਾ (ਭਰੋਮਜਾਰਾ) ਵਿੱਚ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਦੀ ਅਗਵਾਈ ਵਿੱਚ ਮਾਂ ਦਿਵਸ ਮਨਾਇਆ ਗਿਆ । ਇਸ ਮੌਕੇ ਡਾ. ਹਰਿਕ੍ਰਿਸ਼ਨ ਬੰਗਾ ਜਨਰਲ ਸਕੱਤਰ ਪੰਜਾਬ, ਪ੍ਰਿੰਸੀਪਲ ਜਗਦੀਸ਼ ਰਾਏ ਬੁਲਾਰਾ ਪੰਜਾਬ, ਬਹਾਦੁਰ ਚੰਦ ਅਰੋੜਾ ਜਿਲ੍ਹਾ ਪ੍ਰਧਾਨ ਨਵਾਂਸ਼ਹਿਰ, ਕਿਰਨ ਬਾਲਾ ਜਿਲ੍ਹਾ ਜਨਰਲ ਸਕੱਤਰ, ਵਾਸਦੇਵ ਪਰਦੇਸੀ ਜਿਲ੍ਹਾ ਪ੍ਰੈਸ ਸਕੱਤਰ, ਗੁਰਜੀਤ ਸਿੰਘ, ਐਨ ਆਰ ਆਈ ਸੁਰਿੰਦਰ ਸ਼ਰਮਾ, ਸੁਰਜੀਤ ਸਿੰਘ ਚੇਅਰਮੈਨ ਜਿਲ੍ਹਾ ਹੁਸ਼ਿਆਰਪੁਰ, ਸੀਮਾ ਦੇਵੀ ਜਿਲ੍ਹਾ ਸਕੱਤਰ, ਮੀਨੂ ਬਾਲਾ, ਕੁਲਦੀਪ ਕੁਮਾਰ, ਮਰਿਦੁਲ ਸੰਦਲ ਆਦਿ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਕਿਰਨਾਂ ਬਾਲਾ ਬੰਗਾ ਜਨਰਲ ਸਕੱਤਰ ਜ਼ਿਲ੍ਹਾ ਨਵਾਂਸ਼ਹਿਰ ਨੇ ਆਪਣੀ ਸਵਰਗਵਾਸੀ ਮਾਤਾ ਪੁਸ਼ਪਾ ਦੇਵੀ ਦੀ ਯਾਦ ਵਿੱਚ ਫ਼ਲ ਫਰੂਟ ਅਤੇ ਹੋਰ ਖਾਣ ਪੀਣ ਦੀ ਸਮੱਗਰੀ ਭੇਂਟ ਕੀਤੀ । ਇਸ ਮੌਕੇ ਸਭ ਤੋਂ ਪਹਿਲਾਂ ਉਥੋਂ ਦੇ ਸਰਪ੍ਰਸਤ ਬਾਬਾ ਬਲਵੰਤ ਸਿੰਘ ਜੀ ਵਲੋਂ ਸਰਬੱਤ ਦੇ ਭਲੇ ਲਈ



ਅਰਦਾਸ ਕੀਤੀ ਗਈ ਅਤੇ ਉਸ ਬਾਅਦ ਆਸ਼ਰਮ 'ਚ ਮੌਜੂਦ ਬਜ਼ੁਰਗਾਂ ਨੂੰ ਫ਼ਲ ਫਰੂਟ ਅਤੇ ਖਾਣ ਪੀਣ ਦੀ ਸਮੱਗਰੀ ਵਿਤਰਿਤ ਕੀਤੀ ਗਈ । ਇਸ ਮੌਕੇ ਡਾਕਟਰ ਹਰਿਕ੍ਰਿਸ਼ਨ ਬੰਗਾ ਨੇ ਕਿਹਾ ਮਾਂ ਦਿਵਸ ਦੇ ਮੌਕੇ ਅੱਜ ਬਜ਼ੁਰਗਾਂ ਦਾ ਅਸ਼ੀਰਵਾਦ ਪ੍ਰਾਪਤ ਕਰਨਾ ਮੇਰੇ ਪਰਿਵਾਰ ਅਤੇ ਪੂਰੀ ਸੁਸਾਇਟੀ ਲਈ ਬਹੁਤ ਹੀ ਸਕੂਨ ਭਰਿਆ ਪਲ ਹੈ। ਪ੍ਰਿੰਸੀਪਲ ਜਗਦੀਸ਼ ਰਾਏ ਨੇ ਕਿਹਾ ਸਾਨੂੰ ਆਪਣੇ ਬਜ਼ੁਰਗਾਂ ਦੀ ਸੇਵਾ ਆਪਣੇ ਪਰਿਵਾਰ ਵਿੱਚ ਰੱਖ ਕੇ ਹੀ ਕਰਨੀ ਚਾਹੀਦੀ ਹੈ ਅਤੇ ਉਹਨਾਂ ਦੇ ਸੰਸਕਾਰਾਂ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ ਤਾਂ ਜੋ ਅਸੀ ਤੇ ਸਾਡੇ ਬੱਚੇ ਵਧੀਆ ਸਮਾਜ ਦੀ ਸਿਰ-ਜਣਾ ਕਰ ਸਕੀਏ । ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਕਿ ਸਾਡੀ ਸੁਸਾਇਟੀ ਸਮਾਜ ਸੇਵੀ ਕੰਮਾਂ ਵਿਚ ਹਰ ਸਮੇਂ ਤਤਪਰ ਰਹਿੰਦੀ ਹੈ ਅਤੇ ਸੁਸਾਇਟੀ ਧਰਤੀ ਬਚਾਓ ਬੇਟੀ ਬਚਾਓ ਮੁਹਿੰਮ ਅਧੀਨ ਕੰਮ ਕਰਦੀ ਹੈ। ਅੱਜ ਬੜਾ ਹੀ ਭਾਗਾਂ ਵਾਲਾ ਦਿਨ ਹੈ ਕਿ ਅੱਜ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪਰਿਵਾਰ ਦੇ ਮੈਂਬਰ ਅੱਜ ਇਥੇ ਬਜ਼ੁਰਗਾਂ ਦੀ ਸੇਵਾ ਕਰਕੇ ਆਪਣੇ ਮਾਪਿਆਂ ਨੂੰ ਯਾਦ ਕਰ ਰਹੇ ਹਨ। ਉਹਨਾਂ ਨੇ ਕਿਹਾ ਕਿ ਮੈਨੂੰ ਆਪਣੀ ਸੁਸਾਇਟੀ ਮੈਂਬਰਾਂ ਦੇ ਆਪਣੀ ਸੰਸਥਾ ਪ੍ਰਤੀ ਸਮਰਪਣ ਨੂੰ ਦੇਖ ਕੇ ਫਖਰ ਮਹਿਸੂਸ ਹੁੰਦਾ ਹੈ। ਬਾਬਾ ਬਲਵੰਤ ਸਿੰਘ ਜੀ ਵਲੋਂ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਅਹੁਦੇਦਾਰਾਂ ਦਾ ਇਥੇ ਪਹੁੰਚਣ ਤੇ ਧੰਨਵਾਦ ਕੀਤਾ ਗਿਆ ਅਤੇ ਉਹਨਾਂ ਦਾ ਵਿਸੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਜਨਰਲ ਸਕੱਤਰ ਜ਼ਿਲ੍ਹਾ ਨਵਾਂਸ਼ਹਿਰ ਕਿਰਨ ਬਾਲਾ ਬੰਗਾ ਜੀ ਵਲੋਂ ਆਪਣੀ ਸਵਰਗਵਾਸੀ ਮਾਤਾ ਪੁਸ਼ਪਾ ਦੇਵੀ ਦੀ ਯਾਦ ਵਿਚ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਨੂੰ ਪੋਰਟੇਬਲ ਸਾਊਂਡ ਸਿਸਟਮ ਵੀ ਭੇਂਟ ਕੀਤਾ ਗਿਆ।

# ਅਕਾਲੀ ਦਲ ਨੂੰ ਵੱਡਾ ਝਟਕਾ ਪਿੰਡ ਪੈਂਸਰਾ ਤੋਂ ਯੂਥ ਆਗੂ ਪਰਮਿੰਦਰ ਸਿੰਘ ਸਾਥੀਆਂ ਸਮੇਤ ਆਪ ਵਿਚ ਸ਼ਾਮਿਲ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਤੇ ਹਲਕਾ ਵਿਧਾਇਕ ਦੀ ਅਗਵਾਈ 'ਚ ਗੜ੍ਹਸ਼ੰਕਰ ਹਲਕੇ ਦੇ ਪਿੰਡ ਪੈਂਸਰਾ ਤੋਂ ਯੂਥ ਆਗੂ ਪਰਮਿੰਦਰ ਸਿੰਘ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਹੋਏ ਸ਼ਾਮਿਲ। ਇਸ ਮੌਕੇ ਪਿੰਡ ਦੀ ਮਹਿਲਾ ਸਰਪੰਚ ਹਰਪ੍ਰੀਤ ਕੌਰ ਦੇ ਪਤੀ ਪਰਮਜੀਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਹਲਕਾ ਵਿਧਾਇਕ ਵੱਲੋਂ ਲਗਾਤਾਰ ਕੀਤੇ ਜਾ ਰਹੇ ਵਿਕਾਸ ਦੇ ਕੰਮਾਂ ਨੂੰ ਦੇਖਦੇ ਹੋਏ ਉਹਨਾਂ ਆਮ ਆਦਮੀ ਦੀ ਬਾਂਹ ਫੜੀ ਹੈ। ਉਹਨਾਂ ਕਿਹਾ ਕਿ ਹਲਕਾ ਵਿਧਾਇਕ ਇੱਕ ਅਜਿਹੇ ਆਗੂ ਹਨ, ਜੋ ਸਾਡੇ ਏਰੀਆ ਦੀ ਤਰੱਕੀ ਲਈ ਲਗਾਤਾਰ ਕੰਮ ਕਰ ਰਹੇ ਹਨ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਆਪਣੇ ਕੀਤੇ ਸਾਰੇ




ਵਾਅਦਿਆਂ ਤੇ ਖਰੀ ਉਤਰ ਰਹੀ ਹੈ। ਇਸ ਮੌਕੇ ਡਿਪਟੀ ਸਪੀਕਰ ਵੱਲੋਂ ਉਨਾਂ ਦਾ ਪਾਰਟੀ ਵਿੱਚ ਆਉਣ ਤੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਡਿਪਟੀ ਸਪੀਕਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਮੇਸ਼ਾ ਹੀ ਲੋਕ ਪੱਖੇ ਕੰਮ ਕੀਤੇ ਹਨ ਅਤੇ ਅੱਗੇ ਤੋਂ ਵੀ ਸਦਾ ਕਰਦੀ ਰਹੇਗੀ। ਇਸ ਮੌਕੇ ਡਿਪਟੀ ਸਪੀਕਰ ਨੇ ਪਿੰਡ ਪੈਂਸਰਾ ਦੇ ਯੂਥ ਆਗੂ ਦਾ ਦਿਲੋਂ ਸਵਾਗਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ ।ਉਹਨਾਂ ਕਿਹਾ ਕਿ ਆਪ ਸਰਕਾਰ ਪੰਜਾਬ ਦੇ ਵਿਕਾਸ ਦੀ ਸੋਚ ਰੱਖਣ ਵਾਲੇ ਹਰ ਪੰਜਾਬੀ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ। ਇਸ ਮੌਕੇ ਡਿਪਟੀ ਸਪੀਕਰ ਤੋਂ ਇਲਾਵਾ ਸਾਬਕਾ ਸਰਪੰਚ ਪਰਮਿੰਦਰ ਸਿੰਘ, ਪਰਮਜੀਤ ਸਿੰਘ, ਸਾਬਕਾ ਪੰਚ ਕਰਮ ਸਿੰਘ, ਗੁਰਦੀਪ ਸਿੰਘ, ਪੰਚ ਰਾਜਿੰਦਰ ਕੁਮਾਰ 'ਚ ਸ਼ਾਮਿਲ ਹੋਏ।

# ਕਰਨਲ ਪਵਨ ਕੁਮਾਰ ਨੇ ਆਸ਼ਾ ਕਿਰਨ ਸਕੂਲ ਨੂੰ 42 ਹਜ਼ਾਰ ਰੁਪਏ ਦਾਨ ਕੀਤੇ




**ਹੁਸ਼ਿਆਰਪੁਰ (ਤਰਸੇਮ ਦੀਵਾਨਾ)** ਕਰਨਲ ਪਵਨ ਕੁਮਾਰ ਅਤੇ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਕ੍ਰਾਂਤੀ ਸ਼ਰਮਾ ਨੇ ਜੇਐਸਐਸ ਆਸ਼ਾ ਕਿਰਨ ਸਪੈਸ਼ਲ ਸਕੂਲ, ਜਹਾਨਖੇਲਾ ਨੂੰ 42 ਹਜ਼ਾਰ ਰੁਪਏ ਦੀ ਰਕਮ ਦਾਨ ਕੀਤੀ, ਜਿਸ ਰਾਹੀਂ ਸਕੂਲ ਵਿੱਚ ਵਿਸ਼ੇਸ਼ ਬੱਚਿਆਂ ਲਈ ਹਰਾ ਜਾਲ ਲਗਾਇਆ ਜਾਵੇਗਾ। ਸਕੂਲ ਪਹੁੰਚਣ 'ਤੇ, ਕਰਨਲ ਪਵਨ ਕੁਮਾਰ ਦਾ ਸਕੱਤਰ ਕਰਨਲ ਗੁਰਮੀਤ ਸਿੰਘ ਦੀ ਅਗਵਾਈ ਹੇਠ ਕਮੇਟੀ ਮੈਂਬਰਾਂ ਨੇ ਸਵਾਗਤ ਕੀਤਾ। ਇਸ ਸਮੇਂ ਕਰਨਲ ਗੁਰਮੀਤ ਸਿੰਘ ਨੇ ਕਿਹਾ ਕਿ ਪਵਨ ਕੁਮਾਰ ਸਮੇਂ-ਸਮੇਂ 'ਤੇ ਸਕੂਲ ਨੂੰ ਦਾਨ ਦਿੰਦੇ ਰਹਿੰਦੇ ਹਨ। ਇਸ ਸਮੇਂ ਪਰਮਜੀਤ ਸਿੰਘ ਸਚਦੇਵਾ ਨੇ ਪਵਨ ਕੁਮਾਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਕੂਲ ਵਿੱਚ ਚਲਾਈਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਕਿਵੇਂ ਅਧਿਆਪਕਾਂ ਦੁਆਰਾ ਵਿਸ਼ੇਸ਼ ਬੱਚਿਆਂ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਮੌਕੇ 'ਤੇ, ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ ਦੀ ਅਗਵਾਈ ਹੇਠ, ਸਾਰੇ ਕਮੇਟੀ ਮੈਂਬਰਾਂ ਨੇ ਕਰਨਲ ਪਵਨ ਕੁਮਾਰ ਅਤੇ ਸ਼੍ਰੀਮਤੀ ਕ੍ਰਾਂਤੀ ਸ਼ਰਮਾ ਨੂੰ ਸਨਮਾਨਿਤ ਕੀਤਾ। ਇਸ ਸਮੇਂ ਮਲਕੀਤ ਸਿੰਘ ਮਹੇਦੂ, ਮਸਤਾਨ ਸਿੰਘ ਗਰੇਵਾਲ, ਰਾਮ ਆਸਰਾ, ਹਰਮੇਸ਼ ਤਲਵਾੜ, ਪ੍ਰਿੰਸੀਪਲ ਸ਼ੈਲੀ ਸ਼ਰਮਾ ਆਦਿ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਭਾਰਤ ਅਤੇ ਪਾਕਿਸਤਾਨ ਦੋਵੇਂ ਮੁਲਕ ਜੰਗ ਨੂੰ ਛੱਡਕੇ ਵਿਕਾਸ ਅਤੇ ਖੁਸ਼ਹਾਲੀ ਦੇ ਰਾਹ 'ਤੇ ਚੱਲਣ : ਸੰਤ ਕੁਲਵੰਤ ਰਾਮ ਭਰੋਮਜਾਰਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਜੰਗ ਨਾਲ ਦੋਵਾਂ ਮੁਲਕਾਂ ਨੂੰ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ।ਜੰਗ ਦੇ ਨਤੀਜੇ ਨਾ ਸਿਰਫ਼ ਦੋਵਾਂ ਦੇਸ਼ਾਂ ਦੇ ਆਰਥਿਕ ਅਤੇ ਸਮਾਜਿਕ ਢਾਂਚੇ ਲਈ,ਸਗੋਂ ਪੂਰੇ ਖੇਤਰ ਦੀ ਸ਼ਾਂਤੀ ਅਤੇ ਸਥਿਰਤਾ ਲਈ ਘਾਤਕ ਸਾਬਤ ਹੁੰਦੇ ਹਨ ।ਸ਼ਾਂਤੀ ਅਤੇ ਸਦਭਾਵਨਾ ਨਾਲ ਹੀ ਦੋਵਾਂ ਮੁਲਕਾਂ ਦੀ ਖੁਸ਼ਹਾਲੀ ਸੰਭਵ ਹੈ। ਇਹ ਸਬਦ ਡੇਰਾ 108 ਸੰਤ ਮੇਲਾ ਰਾਮ ਭਰੋਮਜਾਰਾ ਦੇ ਗੱਦੀ ਨਸ਼ੀਨ ਅਤੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਰਜਿ.ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ! ਉਹਨਾਂ ਕਿਹਾ ਕਿ ਜੰਗ ਦੀ ਸਥਿਤੀ ਵਿੱਚ ਨੌਜਵਾਨਾਂ, ਆਮ



ਨਾਗਰਿਕਾਂ ਅਤੇ ਸਮੁੱਚੀ ਅਰਥਵਿਵਸਥਾ ਨੂੰ ਅਸਹਿਣਯੋਗ ਨੁਕਸਾਨ ਹੁੰਦਾ ਹੈ। ਉਨ੍ਹਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਗੱਲਬਾਤ ਅਤੇ ਕੂਟਨੀਤਕ ਰਾਹ ਅਪਣਾ ਕੇ ਮਸਲਿਆਂ ਨੂੰ ਹੱਲ ਕਰਨ। ਉਹਨਾਂ ਕਿਹਾ ਕਿ ਸਾਨੂੰ ਅਜਿਹੀ ਸਥਿਤੀ ਦੀ ਲੋੜ ਹੈ ਜਿੱਥੇ ਦੋਵੇਂ ਮੁਲਕ ਮਿਲ ਕੇ ਵਿਕਾਸ ਅਤੇ ਸਾਂਝੀ ਖੁਸ਼ਹਾਲੀ ਦੇ ਰਾਹ 'ਤੇ ਚੱਲਣ। ਜੰਗ ਸਿਰਫ਼ ਤੇ ਸਿਰਫ ਵਿਨਾਸ਼ ਵੀ ਹੀ ਲਿਆਉਂਦੀ ਹੈ । ਉਹਨਾਂ ਭਾਰਤੀ ਫੌਜ ਪ੍ਰਤੀ ਪੂਰੀ ਵਚਨਬੱਧਤਾ ਜਤਾਈ। ਉਨ੍ਹਾਂ ਕਿਹਾ ਅਸੀਂ ਹਮੇਸ਼ਾ ਭਾਰਤੀ ਫੌਜ ਦੇ ਨਾਲ ਖੜ੍ਹੇ ਹਾਂ। ਜੇਕਰ ਸਾਡੀ ਫੌਜ ਨੂੰ ਕਿਸੇ ਵੀ ਤਰ੍ਹਾਂ ਦੀ ਜ਼ਰੂਰਤ ਪਵੇ ਤਾ ਅਸੀਂ ਹਰ ਸੰਭਵ ਸਹਾਇਤਾ ਲਈ ਤਿਆਰ ਹਾ ।ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤੀ ਫੌਜ ਦੀ ਬਹਾਦਰੀ ਅਤੇ ਸਮਰਪਣ ਦੇਸ਼ ਦੀ ਸੁਰੱਖਿਆ ਦਾ ਮਜ਼ਬੂਤ ਆਧਾਰ ਹੈ, ਉਹਨਾਂ ਨੌਜਵਾਨਾਂ ਨੂੰ ਵੀ ਸੱਦਾ ਦਿੱਤਾ ਕਿ ਉਹ ਸ਼ਾਂਤੀ ਅਤੇ ਭਾਈਚਾਰੇ ਦੇ ਸੁਨੇਹੇ ਨੂੰ ਅੱਗੇ ਵਧਾਉਣ। ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਆਰਮੀ ਦੇ ਹੌਸਲੇ ਬੁਲੰਦ ਕਰਨ ਲਈ ਆਰਮੀ ਦੇ ਮੋਢੇ ਦੇ ਨਾਲ ਮੋਢਾ ਲਾਕੇ ਖੜਨਾ ਚਾਹੀਦਾ ਹੈ।

# ਮੁੰਡਿਆ ਵੇ ਹਾਣਦਿਆ

ਤੇਰੇ ਵਾਂਗ ਸਾਡਾ ਵੀ ਜੇ ਪਿਓ ਪਟਵਾਰੀ ਹੁੰਦਾ ,
ਪਰਸ 'ਚ ਨੋਟ ਹੁੰਦੇ ਕੁੜੀਆਂ 'ਚ ਟੌਅਰ ਹੁੰਦੀ ।
ਜਿਵੇਂ ਤੇਰੀ ਗੱਲ 'ਤੇ ਹੈ ਮੁੰਡਿਆਂ 'ਚ ਗੌਰ ਹੁੰਦੀ ,
ਕੁੜੀਆਂ 'ਚ ਓਵੇਂ ਸਾਡੀ ਗੱਲ 'ਤੇ ਵੀ ਗੌਰ ਹੁੰਦੀ ।
ਐਪਰ ਇੱਕ ਗੱਲ ਚੰਗੀ ਆਈ ਟੌਪ ਕਰਦੀ ਮੈਂ ,
ਪਹਿਲੀ ਤੋਂ ਹੀ ਹੁਣ ਤੱਕ ਸਾਰੀਆਂ ਜਮਾਤਾਂ ਵਿੱਚੋਂ ;
ਮੈਨੂੰ ਵੀ ਜੇ ਮਾਪੇ ਦਿੰਦੇ ਹੁੰਦੇ ਖੁੱਲ੍ਹਾ ਖ਼ਰਚਾ ਤਾਂ ,
ਤੇਰੇ ਵਾਂਗ ਮੈਂ ਵੀ ਫੇਲ੍ਹ ਹੋ ਕੇ ਡੌਰ ਭੌਰ ਹੁੰਦੀ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

# .ਗ਼ਜ਼ਲ




ਸਦੀਆਂ ਤੋਂ ਕੁਰਲਾਉਂਦਾ ਆਇਐ, ਸਾਗਰ ਵਿਚਲਾ ਮਾਰੂਥਲ।
ਦਿਲ ਦੇ ਬੋਲ ਦਬਾਉਂਦਾ ਆਇਐ, ਸਾਗਰ ਵਿਚਲਾ ਮਾਰੂਥਲ।
ਸੁਕਦਿਆਂ ਦਰਿਆਵਾਂ ਵਰਗੇ, ਸ਼ੋਰ-ਸ਼ਰਾਬੇ ਸਹਿ ਕੇ ਵੀ,
ਸੀਨੇ ਨਾਲ ਲਗਾਉਂਦਾ ਆਇਐ, ਸਾਗਰ ਵਿਚਲਾ ਮਾਰੂਥਲ।
ਜਦ ਵੀ ਜਿਸ ਨੂੰ ਪਈ ਜ਼ਰੂਰਤ, ਵਸਤੂ ਵਾਂਗੂੰ ਵਰਤ ਲਿਆ,
ਏਹੋ ਜੂਨ ਹੰਢਾਉਂਦਾ ਆਇਐ, ਸਾਗਰ ਵਿਚਲਾ ਮਾਰੂਥਲ।
ਬਿਲਕੁੱਲ ਹੀ ਵੱਖਰਾ ਹੈ ਭਾਵੇਂ, ਕੋਈ ਸਾਂਝ ਨਹੀਂ ਹੈ ਪਰ,
ਸਾਗਰ ਹੀ ਅਖਵਾਉਂਦਾ ਆਇਐ, ਸਾਗਰ ਵਿਚਲਾ ਮਾਰੂਥਲ।
ਪਿਆਸੇ ਦਾ ਪਿਆਸਾ ਹੀ ਰਹਿੰਦੈ, ਸਭ ਕੁੱਝ ਹੁੰਦੇ-ਸੁੰਦੇ ਵੀ,
ਫਿਰ ਵੀ ਸ਼ੁਕਰ ਮਨਾਉਂਦਾ ਆਇਐ, ਸਾਗਰ ਵਿਚਲਾ ਮਾਰੂਥਲ।
ਆਹ ਕਰ ਦਿਆਂਗੇ, ਅਹੁ ਕਰ ਦਿਆਂਗੇ, ਲਾਰੇ ਹੁੰਦੇ ਲਾਰੇ ਨੇ,
ਭੁੱਲਿਆਂ ਨੂੰ ਸਮਝਾਉਂਦਾ ਆਇਐ, ਸਾਗਰ ਵਿਚਲਾ ਮਾਰੂਥਲ।
'ਜ਼ਖ਼ਮੀ' ਜਲ-ਥਲ ਇੱਕ ਕਰ ਦੇਵੇ, ਜੇਕਰ ਆਵੇ ਆਈ 'ਤੇ,
ਪਰ ਕੰਨੀ ਕਤਰਾਉਂਦਾ ਆਇਐ, ਸਾਗਰ ਵਿਚਲਾ ਮਾਰੂਥਲ।

**ਕਰਮ ਸਿੰਘ ਜ਼ਖ਼ਮੀ**
ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:)
ਸੰਪਰਕ: 98146-28027

# .ਗ਼ਜ਼ਲ

ਚੀਰ ਹਰਨ ਹੁਣ ਨਿੱਤ ਹੁੰਦੇ ਨੇ,
ਏਥੇ ਚੌਂਕ-ਚੁਰਾਹੇ ਦੇ ਵਿੱਚ।
ਕੋਈ ਲਾਜ ਬਚਾਉਣ ਨਾ ਆਵੇ,
ਏਥੇ ਚੌਂਕ-ਚੁਰਾਹੇ ਦੇ ਵਿੱਚ।

ਜਦ ਵੀ ਅਪਣੇ ਸਿਰ ਆਉਂਦੀ ਹੈ
ਫੇਰ ਪਤਾ ਚੱਲਦਾ ਹੈ,ਓਦਾਂ,
ਕੌਣ ਕਿਸੇ ਦਾ ਦੁੱਖੜਾ ਸਮਝੇ
ਏਥੇ ਚੌਂਕ-ਚੁਰਾਹੇ ਦੇ ਵਿੱਚ?

ਲੋਕ ਤਰੱਕੀ ਦੇ ਨਾਂ ਉੱਤੇ
ਵੱਢੇ ਜਾਵਣ ਰੁੱਖ ਹਜ਼ਾਰਾਂ,
ਪੱਥਰਾਂ ਦੇ ਹਨ ਜੰਗਲ ਉੱਸਰੇ
ਏਥੇ ਚੌਂਕ-ਚੁਰਾਹੇ ਦੇ ਵਿੱਚ।

ਲੁੱਟਾਂ ਖੋਹਾਂ ਅਕਸਰ ਹੋਵਣ
ਦਿਨ ਵੇਲੇ ਵੀ,ਸ਼ਾਮ ਢਲੇ ਵੀ,
ਭਾਵੇਂ ਰਹਿੰਦੇ ਲਾਟੂ ਜਗਦੇ
ਏਥੇ ਚੌਂਕ ਚੁਰਾਹੇ ਦੇ ਵਿੱਚ।

ਏਸ ਨਗਰ ਦੇ ਲੋਕੀਂ ਅਕਸਰ
ਰਾਹਗੀਰਾਂ ਨੂੰ ਲੁੱਟ ਲੈਂਦੇ ਹਨ,
ਜਦ ਵੀ ਕੋਈ ਰਸਤਾ ਪੁੱਛੇ
ਏਥੇ ਚੌਂਕ ਚੁਰਾਹੇ ਦੇ ਵਿੱਚ।

ਕਿਹੜਾ ਜਿੱਤੂ,ਕਿਹੜਾ ਹਾਰੂ
ਹੁਣ ਕਿਹਦੀ ਸਰਕਾਰ ਬਣੇਗੀ,
ਅੱਜ-ਕੱਲ੍ਹ ਏਹੀ ਹੁੰਦੇ ਚਰਚੇ
ਏਥੇ ਚੌਂਕ ਚੁਰਾਹੇ ਦੇ ਵਿੱਚ।

ਹਰ ਨੁੱਕਰ ਵਿੱਚ ਦੇਵਾ ਕੋਈ
ਹਰ ਕੋਨੇ ਵਿੱਚ ਪੀਰ ਮਿਲੇਗਾ,
ਢੋਂਗੀ ਬਾਬਾ ਕਿਸਮਤ ਦੱਸੇ
ਏਥੇ ਚੌਂਕ ਚੁਰਾਹੇ ਦੇ ਵਿੱਚ।

ਮੇਰੇ ਦੇਸ਼ ਦਾ ਰਾਜਾ ਅੱਜ ਵੀ
ਲੋਕਾਂ ਨੂੰ ਇਨਸਾਫ਼ ਨਾ ਦੇਵੇ,
ਪੀੜਤ ਧਿਰ ਹੈ ਲਾਉਂਦੀ ਧਰਨੇ
ਏਥੇ ਚੌਂਕ ਚੁਰਾਹੇ ਦੇ ਵਿੱਚ।



ਹਾਕਮ ਨੂੰ ਸੌ ਲਾਹਨਤ ਭੇਜਾਂ
ਜਦ ਵੀ ਮੈਂ ਇਹ ਵੇਖਾਂ 'ਰਾਣੇ',
ਮੰਗਣ ਭੀਖਾਂ ਛੋਟੇ ਬੱਚੇ
ਏਥੇ ਚੌਂਕ ਚੁਰਾਹੇ ਦੇ ਵਿੱਚ।

**ਜਗਦੀਸ਼ ਰਾਣਾ**
7986207849

# "ਸਰਹੱਦਾਂ"

ਇਹ ਕਦੇ ਵੀ ਨਰਮ ਨਾ ਹੋਈਆ,ਸਦਾ ਹੀ ਰਹੀਆਂ ਗਰਮ ਸਰਹੱਦਾਂ,
ਦੋ ਮੁਲਕਾਂ ਦੀ ਖਿੱਚੋ ਤਾਣੀ ਦਾ,ਇੰਝ ਹਰਜ਼ਾਨਾ ਭਰਨ ਸਰਹੱਦਾਂ
ਦੋਵੇਂ ਪਾਸੀਂ, ਤਣੀਆਂ ਤੋਪਾਂ, ਹੋਈਆਂ ਪਈਆਂ ਗਰਮ ਸਰਹੱਦਾਂ
ਹਾਕਮਾਂ ਨੇ ਫਰਮਾਨ ਸੁਣਾਏ, ਦੱਸੋ ਫਿਰ ਕੀ ਕਰਨ ਸਰਹੱਦਾਂ,
ਧਰਮ,ਮਜ਼ਬ ਦੇ ਮੁੱਦੇ ਉੱਤੇ,ਸਦ ਹੀ ਰਹਿਣ ਸਰਗਰਮ ਸਰਹੱਦਾਂ,
ਬੰਬ, ਗੋਲੀਆਂ, ਦੇ ਸੇਕਾਂ ਨੂੰ, ਆਪਣੇ ਸੀਨੇ ਜਰਨ ਸਰਹੱਦਾਂ,
ਦੋਵੇਂ ਪਾਸੇ ਪੁੱਤ ਇਹਨਾਂ ਦੇ, ਕਿੱਦਾਂ ਮਰਦੇ ਜਰਨ ਸਰਹੱਦਾਂ,
ਵੋਟਾਂ ਖਾਤਰ ਲੀਡਰ ਚੰਦਰੇ, ਖੂਨੋ-ਖੂਨੀ ਕਰਨ ਸਰਹੱਦਾਂ,
ਇਹਨਾਂ ਕੋਲ ਉਜਾੜਾ ਹੁੰਦਾ, ਖੁਸ਼ੀ ਦਾ ਦਮ ਨਾ ਭਰਨ ਸਰਹੱਦਾਂ,
ਦੋਵੇਂ ਪਾਸੀ ਮਜ਼ਬੀ, ਦੰਗੇ ਵਿੱਚ-ਵਿਚਾਲੇ ਖੜ੍ਹਨ ਸਰਹੱਦਾਂ ,
ਭਾਈ ਭਾਈ ਦਾ ਵੈਰੀ ਬਣਿਆ,ਸਭ ਕੁਝ ਕਿੱਦਾਂ ਜਰਨ ਸਰਹੱਦਾਂ,
ਇਹਨਾਂ ਉੱਤੇ ਲੱਗਿਆ ਪਹਿਰਾ, ਦੱਸੋ ਕੀ ਇਹ ਕਰਨ ਸਰਹੱਦਾਂ,
ਚੌਧਰ ਭੁੱਖੇ ਲੀਡਰਾਂ ਨੂੰ ਇਹ, ਕੁਰਸੀ ਜੋਗੇ ਕਰਨ ਸਰਹੱਦਾਂ,
ਬਲੈਕ ਆਊਟ ਤੇ ਵੱਜਦੇ ਸਾਰਨ, ਭੋਰਾ ਵੀ ਨਾ ਜਰਨ ਸਰਹੱਦਾਂ,
ਲੋਕਾਂ ਵਿੱਚ ਫੁੱਟ ਪਾਵਨ ਖ਼ਾਤਰ, ਲੀਡਰ ਖੜੀਆਂ ਕਰਨ ਸਰਹੱਦਾਂ,
ਸੰਦੀਪ ਕਹੇ ਇਹ ਮੁੱਕਣ ਜੰਗਾਂ,ਦਮ ਖੁਸ਼ੀਆਂ ਦਾ ਭਰਨ ਸਰਹੱਦਾਂ,
ਲੋਕ ਲੋਕਾਂ ਦੇ ਸੱਜਣ ਹੋ ਜਾਣ ,ਕਦੇ ਨਾ ਖੜੀਆਂ ਕਰਨ ਸਰਹੱਦਾਂ।



**ਸੰਦੀਪ ਸਿੰਘ ' ਬਖੋਪੀਰ '**
**ਸੰਪਰਕ:-9815321017**



# ਸਿਰਲੇਖ: ਮੇਰੀ ਕਹਾਣੀ - ਰੋੜ੍ਹ ਤੋਂ ਕਰੋੜਪਤੀ ਬਣਨ ਦੀ (ਭਾਗ-1)

ਮੇਰੇ ਇੱਕ ਦੋਸਤ ਦੀ ਚਾਚੀ ਨੇ ਮੈਨੂੰ ਸੈਰ ਦੇ ਵੀਜ਼ੇ (Visitor Visa) ਲਈ ਨਿਊਜ਼ੀਲੈਂਡ ਤੋਂ ਰਾਹਦਾਰੀ (ਸਪੌਂਸਰ) ਭੇਜ ਦਿੱਤੀ । ਨਿਊਜ਼ੀਲੈਂਡ ਆਉਣ ਸਮੇਂ ਮੇਰੇ ਨਾਲ ਤਿੰਨ ਹੋਰ ਵਿਅਕਤੀ ਸਨ ਜੋ ਮੇਰੇ ਨਾਲੋਂ ਵੀ ਘੱਟ ਪੜ੍ਹੇ ਹੋਏ ਸਨ ਜੋ ਦੋਸਤ ਦੀ ਚਾਚੀ ਦੇ ਰਿਸ਼ਤੇਦਾਰ ਸਨ । ਮੈਂ ਉਨ੍ਹਾਂ ਤਿੰਨਾਂ ਨੂੰ ਨਾਲ ਲੈ ਕੇ ਆਪ ਹੀ ਨਿਊਜ਼ੀਲੈਂਡ ਦੀ ਐਂਬੈਸੀ ਦਿੱਲੀ ਵਿੱਚ ਵੀਜ਼ਾ ਲੈਣ ਗਿਆ । ਸਭ ਦੇ ਫਾਰਮ ਮੈਂ ਹੀ ਭਰੇ । ਇਮੀਗ੍ਰੇਸ਼ਨ ਅਫ਼ਸਰ ਮੈਨੂੰ ਪੁੱਛਣ ਲੱਗਾ ਕਿ ਤੇਰੇ ਨਾਲਦਿਆਂ ਨੂੰ ਤਾਂ ਅੰਗਰੇਜ਼ੀ ਨਹੀਂ ਆਉਂਦੀ । ਇਹ ਨਿਊਜ਼ੀਲੈਂਡ ਵਿੱਚ ਅੰਗਰੇਜ਼ੀ ਤੋਂ ਬਿਨਾਂ ਸੈਰ ਕਿਵੇਂ ਕਰਨਗੇ? ਮੈਂ ਕਿਹਾ ਕਿ ਇਨ੍ਹਾਂ ਨੇ ਮੇਰੇ ਨਾਲ ਮੇਰੀ ਅੰਗਰੇਜ਼ੀ ਨਾਲ ਹੀ ਸੈਰ ਕਰ ਲੈਣੀ ਹੈ । ਸਾਨੂੰ ਸਾਰਿਆਂ ਨੂੰ ਦੂਜੇ ਦਿਨ ਹੀ ਤਿੰਨ ਮਹੀਨੇ ਦਾ ਵੀਜ਼ਾ ਦੇ ਦਿੱਤਾ ਗਿਆ । ਅਸੀਂ ਪੰਜਾਬ ਤੋਂ ਰਜ਼ਾਈਆਂ ਤੇ ਬਿਸਤਰੇ ਖਾਦ ਵਾਲੇ ਬੋਰਿਆਂ ਵਿੱਚ ਹੀ ਲਪੇਟ ਕੇ ਗੋਲ ਕਰਕੇ ਟਾਂਕੇ ਲਗਾ ਲਏ । ਸਾਰੇ ਜਣੇ ਦੋ ਦੋ ਸੌ ਡਾਲਰ ਲੈ ਕੇ ਔਕਲੈਂਡ (ਨਿਊਜ਼ੀਲੈਂਡ) ਦੇ ਏਅਰਪੋਰਟ ਤੇ 13 ਮਾਰਚ 1989 ਨੂੰ ਪਹੁੰਚ ਗਏ । ਏਅਰਪੋਰਟ ਤੇ ਇਮੀਗ੍ਰੇਸ਼ਨ ਤੇ ਕਸਟਮ ਵਾਲੇ ਬਹੁਤ ਚੰਗੀ ਤਰਾਂ ਆਦਰ ਨਾਲ ਗੱਲ ਰਹੇ ਸੀ । ਸਾਨੂੰ ਕੋਈ ਵੀ ਏਅਰਪੋਰਟ ਤੋਂ ਲੈਣ ਨਾ ਆਇਆ । ਮਨ ਵਿੱਚ ਡਰ ਸੀ ਕਿ ਕਿਤੇ ਇਥੋਂ ਹੀ ਵਾਪਿਸ ਇੰਡੀਆ ਨਾ ਮੋੜ ਦੇਣ । ਬਿਗਾਨੇ ਮੁਲਕ ਵਿੱਚ ਡਰ ਤਾਂ ਹੁੰਦਾ ਹੀ ਹੈ ਜਿਥੇ ਅਸੀਂ ਸਿਰਫ ਦੋ ਸੌ ਡਾਲਰ ਲੈ ਕੇ ਪਹੁੰਚੇ, ਨਾ ਅੰਗਰੇਜ਼ੀ ਆਉਂਦੀ ਸੀ, ਨਾ ਕਾਰ ਚਲਾਉਣੀ ਆਉਂਦੀ ਸੀ, ਨਾ ਕੋਲ ਵਰਕ ਪਰਮਿਟ, ਨਾ ਇਥੇ ਕੋਈ ਰਿਸ਼ਤੇਦਾਰ, ਨਾ ਕਿਸੇ ਕੰਮ ਵਿੱਚ ਕੋਈ ਮੁਹਾਰਤ, ਨਾ ਹੀ ਰਹਿਣ ਵਾਸਤੇ ਛੱਤ ਅਤੇ ਨਾ ਹੀ ਰੋਟੀ ਪਾਣੀ ਦਾ ਇੰਤਜ਼ਾਮ ਸੀ । ਅਸੀਂ ਸਲਾਹ ਕੀਤੀ ਅਤੇ ਮੈਂ ਥੋੜ੍ਹੀ ਬਹੁਤ ਅੰਗਰੇਜ਼ੀ ਇਕੱਠੀ ਕਰਕੇ ਟੈਕਸੀ ਕਰ ਲਈ । ਮੈਨੂੰ ਗੋਰਾ ਟੈਕਸੀ ਵਾਲਾ ਸਰ (ਸ਼ਿਰ) ਕਹਿ ਕੇ ਬੁਲਾ ਰਿਹਾ ਸੀ ਲ ਇਹ ਜ਼ਿੰਦਗੀ ਵਿੱਚ ਪਹਿਲੀ ਵਾਰੀ ਸੀ ਕਿ ਕਿਸੇ ਨੇ ਮੈਨੂੰ ਸਰ ਆਖਿਆ ਸੀ । ਗੋਰੇ ਮੂੰਹੋਂ ਸਰ ਸੁਣ ਕੇ ਮੈਂ ਸੋਚ ਰਿਹਾ ਸੀ ਕਿ ਮੇਰੇ ਆਪਣੇ ਧਾਰਮਿਕ ਮੁਲਕ ਵਿੱਚ ਤਾਂ ਅਫ਼ਸਰ ਵੱਢਣ ਨੂੰ ਪੈਂਦੇ ਸਨ ਪਰ ਬਿਗਾਨੇ ਮੁਲਕ ਵਿੱਚ ਪੈਰ ਧਰਦਿਆਂ ਹੀ ਸਾਨੂੰ ਸਰ ਸੁਣਨ ਨੂੰ ਮਿਲਿਆ ।ਗੋਰੇ ਨੇ ਆਪ ਹੀ ਸਾਡਾ ਸਮਾਨ ਟੈਕਸੀ ਵਿੱਚ ਲੱਦਿਆ ਅਤੇ ਸਫ਼ਰ ਤੇ ਤੁਰ ਪਏ ਲ ਮੁਲਕ ਵਾਹਵਾ ਹਰਿਆ ਭਰਿਆ ਸੀ । ਸਭ ਪਾਸੇ ਫਾਰਮਾਂ ਵਿੱਚ ਗਾਈਆਂ ਅਤੇ ਭੇਡਾਂ ਚਰਦੀਆਂ ਦਿਖਾਈ ਦੇ ਰਹੀਆਂ ਸਨ । ਕੋਈ ਵੀ ਹਾਰਨ ਨਹੀਂ ਵਜਾ ਰਿਹਾ ਸੀ ਅਤੇ ਨਾ ਹੀ ਕਿਸੇ ਸਪੀਕਰ ਦੀ ਆਵਾਜ਼ ਸੁਣਾਈ ਦੇ ਰਹੀ ਸੀ ਲ ਕੋਈ ਵੀ ਕੁੱਤਾ ਬਿੱਲਾ ਜਾਂ ਪਸ਼ੂ ਸੜਕਾਂ ਤੇ ਨਹੀਂ ਸੀ । ਸੜਕਾਂ ਕੰਢੇ ਤੁਰਨ ਲਈ ਫੁੱਟਪਾਥ ਬਣੇ ਹੋਏ ਸਨ । ਭਾਵੇਂ ਸਭ ਕੁੱਝ ਦੇਖਣ ਨੂੰ ਸੋਹਣਾ ਲੱਗ ਰਿਹਾ ਸੀ ਪਰ ਜਿਸ ਤਰਾਂ ਭੁੱਖੇ ਨੂੰ ਸਿਰਫ ਰੋਟੀਆਂ ਦੀ ਤਲਾਸ਼ ਹੁੰਦੀ ਹੈ ਉਸੇ ਤਰਾਂ ਸਾਡੀਆਂ ਅੱਖਾਂ ਤਾਂ ਸਿਰਫ ਕੰਮ ਜਾਂ ਦਿਹਾੜੀ ਦੀ ਤਲਾਸ਼ ਵਿੱਚ ਸਨ ਜੋ ਕਿਤੇ ਦਿਖਾਈ ਨਹੀਂ ਦੇ ਰਹੀ ਸੀ । ਉਨ੍ਹਾਂ ਦਿਨਾਂ ਵਿੱਚ ਜੀ. ਪੀ. ਐਸ. (GPS) ਨਹੀਂ ਹੁੰਦੇ ਸਨ । ਗੋਰੇ ਨੂੰ ਰਾਹ ਭੁੱਲ ਗਿਆ ਜਿਸ ਕਾਰਣ ਉਸ ਦੀ ਕਾਰ 20 ਕਿਲੋਮੀਟਰ ਫਾਲਤੂ ਚੱਲ ਗਈ ਪਰ ਸਾਨੂੰ ਪਤਾ ਨਹੀਂ ਲੱਗਾ ਕਿ ਉਹ ਰਾਹ ਭੁੱਲ ਗਿਆ ਹੈ । ਜਦੋਂ ਉਸ ਨੇ ਸਾਨੂੰ ਦੋਸਤ ਦੀ ਚਾਚੀ ਦੇ ਘਰ ਉਤਾਰਿਆ ਤਾਂ ਕਹਿਣ ਲੱਗਾ ਕਿ ਤੁਸੀਂ ਮੈਨੂੰ 20 ਕਿਲੋਮੀਟਰ ਦੇ ਘੱਟ ਪੈਸੇ ਦੇ ਦਿਓ ਕਿਉਂਕਿ ਰਾਹ ਭੁੱਲਣਾ ਮੇਰੀ ਗਲਤੀ ਸੀ । ਮੈਂ ਉਸ ਦੀ ਇਮਾਨਦਾਰੀ ਦੇਖ ਕੇ ਬੜਾ ਹੈਰਾਨ ਹੋਇਆ ਅਤੇ ਥੋੜ੍ਹੀ ਬਹੁਤ ਅੰਗਰੇਜ਼ੀ ਇਕੱਠੀ ਕਰਕੇ ਉਸ ਨੂੰ ਪੁੱਛ ਲਿਆ ਕਿ ਤੂੰ ਕਿਸ ਰੱਬ ਨੂੰ ਮੰਨਦਾ ਹੈਂ? ਉਹ ਕਹਿੰਦਾ ਕਿ ਮੈਂ ਤਾਂ ਨਾਸਤਿਕ ਹਾਂ । ਮੈਂ ਕਿਹਾ ਕਿ ਨਾਸਤਿਕ ਹੋ ਕੇ ਵੀ ਤੂੰ ਏਨਾ ਇਮਾਨਦਾਰ ਕਿਵੇਂ ਹੈਂ? ਉਹ ਕਹਿਣ ਲੱਗਾ ਕਿ ਇਮਾਨਦਾਰ ਹੋਣ ਲਈ ਕਿਸੇ ਰੱਬ ਨੂੰ ਜਾਂ ਧਰਮ ਨੂੰ ਮੰਨਣਾ ਜ਼ਰੂਰੀ ਨਹੀਂ ਹੈ ਲ ਤੁਸੀਂ ਸਾਡੇ ਮੁਲਕ ਵਿੱਚ ਘੁੰਮਣ ਆਏ ਹੋ । ਜੇ ਮੈਂ ਤੁਹਾਡੇ ਨਾਲ ਹੇਰਾ ਫੇਰੀ ਕਰਾਂਗਾ ਤਾਂ ਤੁਸੀਂ ਆਪਣੇ ਮੁਲਕ ਜਾ ਕੇ ਨਿਊਜ਼ੀਲੈਂਡ ਬਾਰੇ ਮਾੜਾ ਕਹੋਗੇ । ਉਸ ਨੂੰ ਬਾਏ ਕਹਿ ਕੇ ਮੈਂ ਉਸ ਦੇ ਨਾਸਤਿਕ ਹੋਣ ਦੇ ਅਤੇ ਇਮਾਨਦਾਰੀ ਦੇ ਬਲਿਹਾਰੇ ਜਾ ਰਿਹਾ ਸੀ । ਮਨ ਹੀ ਮਨ ਸੋਚ ਵੀ ਰਿਹਾ ਸੀ ਕਿ ਗੱਲ ਤਾਂ ਗੋਰੇ ਦੀ ਠੀਕ ਹੀ ਹੈ । ਲੋਕ ਚੰਗਾ ਬਣਨ ਲਈ ਧਰਮ ਨੂੰ ਅਪਣਾਉਂਦੇ ਹਨ ਜਾਂ ਰੱਬ ਨੂੰ ਮੰਨਦੇ ਹਨ ਪਰ ਵੱਡੀ ਗਿਣਤੀ ਫਿਰ ਵੀ ਚੰਗਾ ਨਹੀਂ ਬਣ ਪਾਉਂਦੀ । ਜੇ ਨਾਸਤਿਕ ਹੋ ਕੇ ਹੀ ਗੋਰੇ ਵਰਗਾ ਬਣ ਹੋ ਜਾਵੇ ਤਾਂ ਫਿਰ ਰੱਬ ਜਾਂ ਧਰਮ ਦੀ ਲੋੜ ਹੀ ਕੀ ਹੈ? ਖੈਰ ਜੋ ਵੀ ਸੀ ਮੈਨੂੰ ਗੋਰੇ ਦੀ ਗੱਲ ਨੇ ਬਹੁਤ ਪ੍ਰਭਾਵਤ ਕੀਤਾ ।



ਅਵਤਾਰ ਤਰਕਸ਼ੀਲ
ਨਿਊਜ਼ੀਲੈਂਡ
ਜੱਦੀ ਪਿੰਡ
ਖੁਰਦਪੁਰ (ਜਲੰਧਰ)
006421392147

ਦੋਸਤ ਦੀ ਚਾਚੀ ਦੇ ਘਰ ਪਹੁੰਚੇ ਤਾਂ ਚਾਚੀ ਦੀ ਬੇਟੀ ਹੀ ਘਰ ਸੀ ਜਿਸ ਦੀ ਉਮਰ ਮੇਰੀ ਕੁ ਉਮਰ ਜਿੰਨੀ ਹੀ ਸੀ । ਉਹ ਨਿਊਜ਼ੀਲੈਂਡ ਵਿੱਚ ਜਨਮ ਲੈਣ ਕਾਰਣ ਅੰਗਰੇਜ਼ੀ ਹੀ ਬੋਲਦੀ ਸੀ । ਪੰਜਾਬੀ ਦੇ ਬਹੁਤ ਘੱਟ ਸ਼ਬਦ ਉਸ ਨੂੰ ਸਮਝ ਆਉਂਦੇ ਸਨ । ਉਸ ਨੇ ਸਾਨੂੰ ਕਮਰੇ ਦੱਸ ਦਿੱਤੇ । ਉਸ ਦੀ ਅੰਗਰੇਜ਼ੀ ਮੇਰੇ ਪੱਲੇ ਵੀ ਘੱਟ ਹੀ ਪੈਂਦੀ ਸੀ ਪਰ ਕੁੱਝ ਗੱਲਾਂ ਉਸ ਨੇ ਲਿਖ ਕੇ ਅੰਗਰੇਜ਼ੀ ਵਿੱਚ ਹੀ ਕੀਤੀਆਂ ਲ ਲਿਖੀ ਹੋਈ ਅੰਗਰੇਜ਼ੀ ਮੈਨੂੰ ਚੰਗੀ ਤਰਾਂ ਸਮਝ ਆਉਂਦੀ ਸੀ । ਇਥੇ ਅੰਗਰੇਜ਼ੀ ਬੋਲਣ ਦਾ ਢੰਗ ਇੰਡੀਆ ਨਾਲੋਂ ਵੱਖਰਾ ਸੀ ਜੋ ਮੇਰੇ ਸਮਝ ਨਹੀਂ ਆ ਰਿਹਾ ਸੀ । ਬਾਦ ਵਿੱਚ ਬਾਕੀ ਪਰਿਵਾਰ ਵੀ ਘਰ ਆ ਗਿਆ । ਟੀ ਵੀ ਦੇਖਿਆ ਤੇ ਰੇਡੀਓ ਸੁਣਿਆ । ਸਭ ਕੁੱਝ ਅੰਗਰੇਜ਼ੀ ਭਾਸ਼ਾ ਵਿੱਚ ਹੀ ਸੀ । ਉਨ੍ਹਾਂ ਦਿਨਾਂ ਵਿੱਚ ਇਥੇ ਪੰਜਾਬੀ ਜਾਂ ਹਿੰਦੀ ਵਿੱਚ ਕੋਈ ਪ੍ਰੋਗਰਾਮ ਨਹੀਂ ਹੁੰਦੇ ਸਨ । ਆਪਣੀ ਭਾਸ਼ਾ ਬਿਨਾਂ ਘੁਟਣ ਜਿਹੀ ਮਹਿਸੂਸ ਹੋਈ । ਇੱਕ ਬਹੁਤ ਵੱਡਾ ਰੇਡੀਓ ਉਨ੍ਹਾਂ ਦੇ ਘਰ ਪਿਆ ਸੀ । ਸੋਚਿਆ ਕਿ ਸ਼ਾਇਦ ਇਹ ਕੋਈ ਇੰਡੀਅਨ ਚੈਨਲ ਫੜ ਲਵੇ ਪਰ ਇਸ ਤਰਾਂ ਨਹੀਂ ਹੋਇਆ । ਆਪਣੀ ਭਾਸ਼ਾ ਸੁਣਨ ਦੀ ਚਾਹਤ ਵਿੱਚ ਅਸੀਂ ਕਈ ਵਾਰ ਤੜਕੇ ਤਿੰਨ ਜਾਂ ਚਾਰ ਵਜੇ ਵੀ ਉਹ ਵੱਡਾ ਰੇਡੀਓ ਚਲਾ ਕੇ ਦੇਖਿਆ ਲ ਕਾਫੀ ਦਿਨਾਂ ਬਾਦ ਉਸ ਨੇ ਇੱਕ ਰੇਡੀਓ ਸਟੇਸ਼ਨ ਹਿੰਦੀ ਦਾ ਫੜ ਲਿਆ ਜਿਸ ਤੇ ਕੁੱਝ ਹਿੰਦੀ ਗੀਤ ਸੁਣਨ ਨੂੰ ਮਿਲੇ ਪਰ ਉਹ ਹੋਰ ਰੋਜ਼ ਹਿੰਦੀ ਸਟੇਸ਼ਨ ਨਹੀਂ ਫੜ੍ਹਦਾ ਸੀ ।ਦੂਜੇ ਦਿਨ ਸਵੇਰੇ ਉੱਠੇ ਤਾਂ ਪਰਿਵਾਰ ਦੇ ਜਿਆਦਾ ਮੈਂਬਰ ਕੰਮਾਂ ਤੇ ਚਲੇ ਗਏ । ਸਵੇਰੇ ਸਵੇਰੇ ਕਾਫੀ ਠੰਡ ਸੀ । ਅਸੀਂ ਸੋਚਿਆ ਕਿ ਬਾਹਰ ਘੁੰਮ ਕੇ ਨਿਊਜ਼ੀਲੈਂਡ ਦੇਖਦੇ ਹਾਂ । ਅਸੀਂ ਪੰਜਾਬ ਵਾਂਗ ਚਾਦਰਾਂ/ਖੇਸੀਆਂ ਦੀਆਂ ਬੁੱਕਲਾਂ ਮਾਰ ਕੇ ਸੜਕ ਤੇ ਨਿੱਕਲ ਪਏ ਲ ਸਾਨੂੰ ਰਾਹਾਂ ਦਾ ਨਹੀਂ ਪਤਾ ਸੀ । ਸੋਚਿਆ ਕਿ ਕਿਤੇ ਭੁੱਲ ਹੀ ਨਾ ਜਾਈਏ । ਚਾਦਰਾਂ ਦੀਆਂ ਬੁੱਕਲਾਂ ਮਾਰੀਆਂ ਹੋਣ ਕਾਰਣ ਲੋਕ ਸਾਡੇ ਵੱਲ ਹੀ ਜਿਆਦਾ ਦੇਖਦੇ ਸਨ ਲ ਸਾਨੂੰ ਬਾਦ ਵਿੱਚ ਪਤਾ ਲੱਗਾ ਕਿ ਇਥੇ ਚਾਦਰਾਂ ਉੱਪਰ ਲੈਣ ਦਾ ਰਿਵਾਜ਼ ਨਹੀਂ ਹੈ । ਅਸੀਂ ਇੱਕ ਨਿਸ਼ਾਨੀ ਰੱਖ ਕੇ ਘਰ ਦੇ ਨਜ਼ਦੀਕ ਰੇਲਵੇ ਲਾਈਨ ਦੇ ਨਾਲ ਨਾਲ ਤੁਰਨਾ ਸ਼ੁਰੂ ਕਰ ਲਿਆ । ਕਾਫੀ ਕਿਲੋਮੀਟਰ ਤੁਰ ਕੇ ਵਾਪਿਸ ਆ ਗਏ । ਵਾਪਿਸ ਆ ਕੇ ਸੋਚਿਆ ਕਿ ਦੇਖੀਏ ਇਥੇ ਦੁਕਾਨਾਂ ਕਿਸ ਤਰਾਂ ਦੀਆਂ ਹਨ? ਲਾਗੇ ਹੀ ਇੱਕ ਟੇਕ ਅਵੇ ਤੇ ਚਲੇ ਗਏ । ਉਥੇ ਪਈਆਂ ਸਾਰੀਆਂ ਚੀਜ਼ਾਂ ਵਿੱਚੋਂ ਅਸੀਂ ਸਿਰਫ ਦੁੱਧ, ਆਈਸ ਕਰੀਮ ਅਤੇ ਸਿਗਰਟਾਂ ਨੂੰ ਹੀ ਪਛਾਣ ਸਕੇ । ਸੋਚਦੇ ਸੀ ਕਿ ਨਿਊਜ਼ੀਲੈਂਡ ਦਾ ਕੁੱਝ ਖਾਧਾ ਜਾਵੇ । ਆਈਸ ਕਰੀਮ ਠੰਡੀ ਸੀ ਪਰ ਅਸੀਂ ਆਈਸ ਕਰੀਮ ਹੀ ਖਰੀਦ ਲਈ ਲ ਗੋਰੀ ਦੇਖਦੀ ਸੀ ਕਿ ਇਨ੍ਹਾਂ ਨੂੰ ਏਨੀ ਠੰਡ ਲੱਗ ਰਹੀ ਹੈ ਪਰ ਇਹ ਆਈਸ ਕਰੀਮ ਹੀ ਕਿਉਂ ਖਾ ਰਹੇ ਹਨ? ਉਸ ਨੂੰ ਕੀ ਪਤਾ ਕਿ ਸਾਨੂੰ ਬਾਕੀ ਸਭ ਬਾਰੇ ਕੁੱਝ ਪਤਾ ਹੀ ਨਹੀਂ ਹੈ। ਇਸ ਪਰਿਵਾਰ ਕੋਲ 3-4 ਦਿਨ ਰਹੇ ਅਤੇ ਬਾਦ ਵਿੱਚ ਮੇਰਾ ਇੱਕ ਦੋਸਤ ਸਾਨੂੰ ਹੇਸਟਿੰਗਸ ਸ਼ਹਿਰ ਦੇ ਇੱਕ ਫਾਰਮ ਵਿੱਚ ਕੰਮ ਕਰਨ ਲਈ ਲੈ ਗਿਆ ਜਿੱਥੇ ਅਸੀਂ ਕਈ ਹੋਰ ਜਣਿਆਂ ਨਾਲ ਵੱਖ ਵੱਖ ਤੰਬੂਆਂ ਵਿੱਚ ਰਹਿੰਦੇ ਸੀ ।

# ਪਿਛੋਂ ਯਾਦਾਂ ਰਹਿ ਜਾਣੀਆ

## ਮਾਸਟਰ ਦਰਸ਼ਨ ਸਿੰਘ ਚੰਦੀ ਜੀ ਨੂੰ ਯਾਦ ਕਰਦਿਆਂ

ਸਵੇਰੇ ਸਵੇਰੇ ਆਏ ਫੋਨ ਨੇ ਝੰਝੋੜ ਕੇ ਰੱਖ ਦਿੱਤਾ ਸੀ ਮਾਸਟਰ ਦਰਸ਼ਨ ਸਿੰਘ ਚੰਦੀ ਝੁਗੀਆਂ ਵਾਲੇ ਨਹੀਂ ਰਹੇ। ਇਕ ਦਮ ਉਨ੍ਹਾਂ ਦੀ ਸਾਰੀ ਜ਼ਿੰਦਗੀ ਰੀਲ ਵਾਗ ਅੱਖਾਂ ਅੱਗੇ ਘੁੰਮਣ ਲੱਗੀ, ਕਾਸ਼ ਇਹ ਖ਼ਬਰ ਝੂਠ ਹੋਵੇ। ਇਸ ਤੋਂ ਪਹਿਲਾਂ ਮੈਂ ਇਸ ਦੀ ਪੁਸ਼ਟੀ ਕਰਦਾ ਪਿੰਡ ਝੁਗੀਆਂ ਤੇ ਮੇਰੇ ਅਜ਼ੀਜ਼ ਮਿਤਰ ਮੰਗਤ ਰਾਮ ਵੱਲੋਂ ਇਸ ਦੀ ਪੁਸ਼ਟੀ ਕਰ ਦਿੱਤੀ। ਮੰਗਤ ਰਾਮ ਪਿੰਡ ਝੁਗੀਆਂ ਤੋਂ ਹੀ ਤਾਂ ਹੈ ਉਸ ਨੇ ਸ਼ੋਕ ਸੰਦੇਸ਼ ਦਿੰਦਿਆਂ ਦੱਸਿਆ ਕਿ ਆਪਣੇ ਮਾਸਟਰ ਦਰਸ਼ਨ ਸਿੰਘ ਚੰਦੀ ਪਿੰਡ ਝੁਗੀਆਂ ਵਾਲੇ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਮਨ ਨੂੰ ਸੁਣਕੇ ਬਹੁਤ ਦੁਖ ਲਗਿਆ। ਬਚਪਨ ਵਿਚ ਮਹਿਤਪੁਰ ਦੇ ਨਿੰਮ ਵਾਲੇ ਸਕੂਲ ਵਿੱਚ ਮਾਸਟਰ ਦਰਸ਼ਨ ਸਿੰਘ ਜੀ ਤੋਂ ਪੜ੍ਹਨ ਵਾਲਿਆਂ ਵਿਚ ਮੇਰਾ ਨਾਮ ਵੀ ਆਉਂਦਾ ਹੈ। ਸੁੰਦਰ ਦਸਤਾਰ ਪਤਲਾ ਤੇ ਲੰਮਾਂ ਕੱਦ ਹੱਸੂ ਹੱਸੂ ਕਰਦਾ ਚਿਹਰਾ ਮਿਠ ਬੋਲੜਾ ਤੇ ਮਿਲਾਪੜੇ ਤੇ ਨਿੱਘੇ ਸੁਭਾਅ ਦੇ ਮਾਲਕ ਸਨ ਸਾਡੇ ਪਿਆਰੇ ਟੀਚਰ ਮੈਂ ਉਨ੍ਹਾਂ ਨੂੰ ਚਾਚਾ ਜੀ ਆਖ ਕੇ ਸੰਬੋਧਨ ਕਰਦਾ ਦਰਅਸਲ ਮਾਸਟਰ ਦਰਸ਼ਨ ਸਿੰਘ ਚੰਦੀ ਮੇਰੇ ਦਾਦੇ (ਸਰਪੰਚ) ਸਰਦਾਰ ਸੁਦਾਗਰ ਸਿੰਘ ਚੰਦੀ ਦੇ ਪਿੰਡ ਇਸਮਾਇਲ ਪੁਰ ਦੇ ਵਸਨੀਕ ਹੀ ਤਾਂ ਸਨ ਇਸ ਦੇ ਨਾਲ ਉਹ ਸਾਡੇ ਲਾਣੇ ਭਾਵ ਸ਼ਰੀਕੇ ਵਿਚੋਂ ਦੂਜੇ ਬਾਬਿਓ ਵੀ ਸਨ ਇਸ ਨਾਤੇ ਉਹ ਮੇਰੇ ਚਾਚਾ ਜੀ ਵੀ ਲਗਦੇ ਸਨ। ਉਨ੍ਹਾਂ ਦੀ ਧਰਮ ਪਤਨੀ ਭਾਵ ਸਾਡੀ




ਚਾਚੀ ਜੀ ਪਹਿਲਾਂ ਹੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਸਨ । ਉਨ੍ਹਾਂ ਦੀ ਬੇ ਵਕਤੀ ਮੌਤ ਨੇ ਚਾਚਾ ਜੀ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਚਾਚਾ ਜੀ ਦੀ ਵੱਡੀ ਬੇਟੀ ਜੋ ਠੀਕ ਨਹੀਂ ਰਹਿੰਦੇਂ ਸਨ ਉਹ ਵੀ ਚਲ ਵਸੇ ਸਨ । ਉਨ੍ਹਾਂ ਦਾ ਬੇਟਾ ਰਣਧੀਰ ਸਿੰਘ ਰਾਣਾ ਪ੍ਰਦੇਸ਼ (ਅਮੇਰਿਕਾ) ਵਿਚ ਜ਼ਿੰਦਗੀ ਦੀ ਕਾਮਯਾਬੀ ਲਈ ਸੰਘਰਸ਼ ਕਰ ਰਿਹਾ ਹੈ ਉਹ ਭਾਰਤ ਨਹੀਂ ਆ ਸਕਦਾਂ ਸੀ । ਕੁਝ ਸਮਾਂ ਪਹਿਲਾਂ ਹੀ ਚਾਚਾ ਜੀ ਆਪਣੀ ਬੇਟੀ ਅਤੇ ਬੇਟੇ ਨੂੰ ਮਿਲ ਕੇ ਵਤਨ ਪਰਤੇ ਸਨ। ਉਹ ਪਿੰਡ ਝੁਗੀਆਂ ਵਿਖੇ ਘਰ ਦੇ ਇਕ ਕਮਰੇ ਵਿਚ ਇਕੱਲੇ ਰਹਿੰਦੇ ਸਨ ਤੇ ਸਾਹ-ਮਣੇ ਵਾਲੀ ਜਿਥੇ ਕਦੇ ਰੋਣਕਾਂ ਲੱਗੀਆਂ ਰਹਿੰਦੀਆਂ ਸਨ ਖਾਣ ਨੂੰ ਆਉਂਦੀ ਹੈ ਇਕ ਪੁਰਾਣੀ ਕਹਾਵਤ ਹੈ ਕੱਲਾ ਤਾਂ ਰੁਖ਼ ਵੀ ਨਾ ਹੋਵੇ। ਜ਼ਿੰਦਗੀ ਵੀ ਕੀ ਪਹੇਲੀ ਹੈ, ਅੰਦਰੋਂ ਅੰਦਰੀ ਆਏ ਦੁਖ ਨੇ ਚਾਚਾ ਜੀ ਦਾ ਪਹਾੜ ਜਿੱਡਾ ਜੇਰਾ ਢੇਹ ਢੇਰੀ ਕਰ ਦਿੱਤਾ ਸੀ। ਅਚਾਨਕ ਇਕ ਦਿਨ ਐਸੀ ਤਬੀਅਤ ਵਿਗੜੀ ਕਿ ਫਿਰ ਜ਼ਿੰਦਗੀ ਲੀਹ ਤੇ ਨਾ ਆਈ ਤੇ ਮੁਰਾਦ ਬਿਮਾਰੀ ਦੀ ਜਿੱਤ ਹੋ ਗਈ। ਚਾਚਾ ਜੀ ਦੇ ਕੁੜਮ ਸਾਹਬ ਤੇ ਕਨੇਡਾ ਵਾਲੀ ਬੇਟੀ ਦੀ ਕੀਤੀ ਭੱਜ ਦੋੜ ਦੀ ਕੋਈ ਵਾਹ ਪੇਸ਼ ਨਾ ਚੱਲੀ । ਅੱਜ ਮਿਤੀ 13 ਮਈ ਨੂੰ ਉਨ੍ਹਾਂ ਨਮਿਤ ਰੱਖੇ ਸਹਿਜ ਪਾਠ ਦਾ ਭੋਗ ਪੈ ਰਿਹਾ ਹੈ। ਸਭ ਹੋਣਗੇ ਨਹੀਂ ਹੋਣਗੇ ਤਾਂ ਸਾਡੇ ਪਰਮ ਪੂਜਯ ਟੀਚਰ ਦਰਸ਼ਨ ਸਿੰਘ ਜੀ, ਮੈਂ ਅੱਜ ਆਪਣੇ ਭਰੇ ਮਨ ਨਾਲ ਆਪਣੇ ਪਰਮ ਪੂਜਯ ਗੁਰੂ ਮਾਸਟਰ ਦਰਸ਼ਨ ਸਿੰਘ ਚੰਦੀ ਝੁਗੀਆਂ ਵਾਲਿਆਂ ਨੂੰ ਉਨ੍ਹਾਂ ਦੇ ਪੜਾਏ ਤਮਾਮ ਵਿਦਿਆਰਥੀਆਂ ਦੀ ਤਰਫੋਂ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ। ਅਤੇ ਪਰਮਾਤਮਾ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ । ਅੱਜ ਇਹ ਬੋਲ ਅੱਖਰ ਅੱਖਰ ਸੱਚ ਹੋ ਨਿੱਬੜੇ ਨਹੀਓਂ ਲੱਭਣੇ ਲਾਲ ਗੁਆਚੇ ਮਿੱਟੀ ਨਾ ਫਰੋਲ ਜੋਗੀਆ।

ਪੱਤਰਕਾਰ ਹਰਜਿੰਦਰ ਸਿੰਘ
ਚੰਦੀ ਮਹਿਤਪੁਰ

# ਸੱਭਿਆਚਾਰਕ ਗੀਤ ਦੁਨੀਆਂ ਦਾ ਆਡੀਓ ਹੋਇਆ ਰਿਲੀਜ਼ ਗਾਇਕਾ ਕੌਰ ਸਿਸਟਰਜ਼

ਆਪਣੇ ਵਲੋਂ ਗਾਏ ਹਿੱਟ ਗੀਤ ਖ਼ੁਦਾ ਸੋਹਣਿਆ, ਤਰੱਕੀ, ਸ਼ੌਕ ਜੱਟੀ ਦੇ, ਨੀਲੇ ਨੀਲੇ ਨੈਣ, ਹਾਰ ਸ਼ਿੰਗਾਰ, ਝਾਂਜਰ ਤੋਂ ਬਾਅਦ ਹੁਣ ਇਕ ਵਾਰ ਫਿਰ ਗਾਇਕ ਭੈਣਾਂ ਕੌਰ ਸਿਸਟਰਜ਼ ਪ੍ਰਮੀਤ ਕੌਰ ਹਰਮੀਤ ਕੌਰ ਨਵਾਂ ਸੱਭਿਆਚਾਰਕ ਗੀਤ ( ਦੁਨੀਆਂ ) ਲੈਕੇ ਸਰੋਤਿਆਂ ਦੀ ਕਚਹਿਰੀ ਵਿੱਚ ਪੇਸ਼ ਹੋਈਆਂ ਹਨ, ਜਿਸ ਦਾ ਮਿਊਜ਼ਿਕ ਪੈਰੀ ਬੰਗਾ ਵਲੋਂ ਤਿਆਰ ਕੀਤਾ ਗਿਆ ਹੈ ਅਤੇ ਇਸ ਗੀਤ ਨੂੰ ਗੀਤਕਾਰ ਪੱਪੀ ਕੰਮਿ ਆਣਾ ਵਲੋਂ ਕਲਮ ਬੱਧ ਕੀਤਾ ਗਿਆ ਹੈ ਅਤੇ ਇਸ ਦੀ ਕੰਪੋਜ਼ ਰਣਵੀਰ ਬੇਰਾਜ ਚੱਕ ਰਾਮੂੰ ਵਲੋਂ ਕੀਤੀ ਗਈ ਹੈ, ਇਸ ਗੀਤ ਨੂੰ ਯੇਮਿਨ ਰਿਕੋਰਡਜ਼ ਅਤੇ ਰਮਨ ਸਿਆੜ੍ਹ ਵਲੋਂ ਪੇਸ਼ ਕੀਤਾ ਗਿਆ ਹੈ, ਇਸ ਲਈ ਸਹਿਯੋਗ ਚਾਂਦੀ ਥੰਮਣ ਵਾਲੀਆ, ਇੰਟਰਨੈਸ਼ਨਲ ਪ੍ਰਮੋਟਰ ਰਵੀ ਮਾਨ ਕਨੇਡਾ ਕਲੈਗਰੀ, ਸੰਘਾ ਡੰਡੇਵਾਲ, ਕਾਲਾ ਮਖਸੂਸਪੁਰੀ, ਕਮਲ ਮੰਢਾਲੀ ਸਪੇਨ ਵਾਲੇ, ਮੁਕੇਸ਼ ਕਟਾਰੀਆਂ, ਗਾਇਕਾ ਬੇਬੀ ਏ ਕੌਰ ਅਮਰੀਤ ਕੌਰ, ਮਨਮੀਤ ਕੌਰ ਦਾ ਹੈ।




# ਦੋ ਕਾਰਾਂ ਦੀ ਟੱਕਰ ਚ 5 ਦੀ ਮੌਤ 2 ਜ਼ਖਮੀ

**ਵੈਨਕੂਵਰ (ਮਲਕੀਤ ਸਿੰਘ)–** ਕੈਨੇਡਾ ਦੇ ਨੋਵਾ ਸਕੋਸ਼ੀਆ ਸੂਬੇ ਦੇ ਫਿਲਾਮੋਥ ਇਲਾਕੇ ਚ ਹਾਈਵੇ 101 ਤੇ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਪੰਜ ਸਵਾਰੀਆਂ ਦੀ ਮੌਤ ਅਤੇ ਦੋ ਦੇ ਗੰਭੀਰ ਰੂਪ ਚ ਜ਼ਖਮੀ ਹੋਣ ਦੀ ਸੂਚਨਾ ਮਿਲੀ ਹੈ। ਪ੍ਰਾਪਤ ਵੇਰਵਿਆਂ ਮੁਤਾਬਿਕ ਇਹ ਦਰਦਨਾਕ ਹਾਦਸਾ ਰਾਤ ਸਮੇਂ ਦੋ ਕਾਰਾਂ ਹੋਂਡਾ ਸਵਿਕ ਅਤੇ ਨਿਸਾਨ ਸੈਂਟਰਾ ਦੀ ਹੋਈ ਆਪਸੀ ਟੱਕਰ ਹੋਣ ਕਾਰਨ ਵਾਪਰਿਆ ਦੱਸਿਆ ਜਾ ਰਿਹਾ ਹੈ। ਹਾਦਸਾ ਇਹਨਾਂ ਭਿਆਨਕ ਸੀ ਕਿ ਦੋਨਾਂ ਕਾਰਾਂ ਚ ਸਫਰ ਕਰ ਰਹੀਆਂ ਸਵਾਰੀਆਂ ਚੋਂ ਚਾਰਾਂ ਦੀ ਮੌਕੇ ਤੇ ਮੌਤ ਹੋ ਗਈ ਜਦੋਂ ਕਿ ਇੱਕ ਜਖਮੀ ਹਸਪਤਾਲ ਲਿਜਾਂਦਿਆਂ ਦਮ ਤੋੜ ਗਿਆ ਇਸ ਹਾਦਸੇ ਚ ਗੰਭੀਰ ਰੂਪ ਚ ਜਖਮੀ ਹੋਏ ਹੋਰਨਾ ਨੂੰ ਸਥਾਨਕ ਪੁਲਿਸ ਵੱਲੋਂ ਹਸਪਤਾਲ ਪਹੁੰਚਾਉਣ ਮਗਰੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਰਾਏ ਗੋਤਰ ਜਠੇਰਿਆਂ ਦਾ ਮੇਲਾ 28 ਮਈ ਨੂੰ

**ਫਿਲੌਰ/ਅੱਪਰਾ (ਦੀਪਾ)**-ਕਰੀਬੀ ਪਿੰਡ ਮੋਰੋਂ ਵਿਖੇ ਰਾਏ ਗੋਤਰ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਮਿਤੀ 28 ਮਈ ਦਿਨ ਬੁੱਧਵਾਰ ਨੂੰ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮਲਕੀਤ ਸਿੰਘ ਕੀਤਾ (ਯੂ. ਐੱਸ. ਏ), ਗਣੇਸ਼ ਕੁਮਾਰ ਬਿੱਲਾ, ਸਤਨਾਮ ਸਿੰਘ, ਜਸਵੰਤ ਸਿੰਘ ਸਾਬਕਾ ਪੰਚਾਇਤ ਮੈਂਬਰ, ਠੇਕੇਦਾਰ ਰੇਸ਼ਮ ਲਾਲ, ਸੁਰਿੰਦਰ ਸਿੰਘ ਨਕੋਦਰ, ਹਰਦੀਪ ਸਿੰਘ ਗੋਰਾ ਤੇ ਕੁਲਵੰਤ ਸਿੰਘ ਨੇ ਦੱਸਿਆ ਕਿ ਇਸ ਮੌਕੇ ਸਵੇਰੇ 11 ਵਜੇ ਝੰਡੇ ਦੀ ਰਸਮ ਸ਼ਰਧਾਪੂਰਵਕ ਨਿਭਾਈ ਜਾਵੇਗੀ। ਉਪਰੰਤ ਦੁਪਿਹਰ 12 ਵਜੇ ਗਿੱਲ ਸਿਸਟਰ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। ਇਸ ਮੌਕੇ ਚਾਹ ਪਕੌੜੇ, ਫਲ-ਫਰੂਟ ਤੇ ਹੋਰ ਲੰਗਰ ਵੀ ਅਤੁੱਟ ਵਰਤਾਏ ਜਾਣਗੇ।

# ਏਐਸਆਈ ਕੁਲਬੀਰ ਰਾਜ ਨੇ ਸਿਵਲ ਹਸਪਤਾਲ ਚੌਕੀ ਦਾ ਚਾਰਜ ਸੰਭਾਲਿਆ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.):** ਲੁਧਿਆਣਾ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਹਾਲ ਹੀ ਵਿੱਚ ਡਿਵੀਜ਼ਨ ਨੰਬਰ ਚਾਰ ਦੇ ਏਐਸਆਈ ਕੁਲਬੀਰ ਰਾਜ ਦੀ ਬਦਲੀ ਕਰ ਕੇ ਸਿਵਲ ਹਸਪਤਾਲ ਚੌਕੀ ਦਾ ਇੰਚਾਰਜ ਲਗਾਇਆ ਗਿਆ। ਗੱਲਬਾਤ ਕਰਦੇ ਹੋਏ ਚੌਕੀ ਇੰਚਾਰਜ ਕੁਲਬੀਰ ਰਾਜ ਨੇ ਕਿਹਾ ਕਿ ਉਨ੍ਹਾਂ ਦਾ ਪਹਿਲਾ ਫਰਜ਼ ਲੋਕਾਂ ਦੀ ਸੁਰੱਖਿਆ ਨੂੰ ਪਹਿਲ ਦੇਣਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਡੀਜੀਪੀ ਪੰਜਾਬ ਅਤੇ ਸੀਪੀ ਲੁਧਿਆਣਾ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਅਤੇ ਇਸਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਅਪਰਾਧਿਕ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਦਾ ਸੁਨੇਹਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਵਿੱਚ ਕਿਸੇ ਵੀ ਤਰ੍ਹਾਂ ਦੀ ਗੁੰਡਾਗਰਦੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸੁਨੇਹਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਹਸਪਤਾਲ ਏਰੀਏ ਦੇ ਵਿੱਚ ਗੰਦਗੀ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।



# ਪੰਜਾਬ ਦੇ ਪਾਣੀਆਂ ਉੱਪਰ ਪੰਜਾਬੀਆਂ ਦਾ ਜਨਮ ਸਿੱਧ ਅਧਿਕਾਰ : ਮਾਸਟਰ ਸੋਨੀ

**ਭੀਖੀ ( ਕਮਲ ਜਿੰਦਲ)** ਪੰਜਾਬ ਦੇ ਪਾਣੀਆਂ ਤੇ ਸਿਰਫ ਪੰਜਾਬ ਦਾ ਹੱਕ ਹੈ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਾਰਕਿਟ ਕਮੇਟੀ ਦੇ ਚੇਅਰਮੈਨ ਮਾ ਵਰਿੰਦਰ ਸੋਨੀ ਨੇ ਕਰਦਿਆਂ ਕੀਤਾ। ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਇੱਕਲੌਤੇ ਮੁੱਖ ਮੰਤਰੀ ਪੰਜਾਬ ਹਨ ਜਿਨ੍ਹਾਂ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਕੋਈ ਇੱਕ ਵੀ ਬੂੰਦ ਵੱਧ ਪਾਣੀ ਦੀ ਨਹੀਂ ਹੈ। ਹਰਿਆਣਾ ਨੂੰ ਉਸਦਾ ਬਣਦਾ ਹੱਕ ਅਸੀਂ ਦੇ ਚੁੱਕੇ ਹਾਂ। ਕੇਂਦਰ ਦੀ ਭਾਜਪਾ ਸਰਕਾਰ ਹਮੇਸ਼ਾਂ ਹੀ ਪੰਜਾਬ ਨਾਲ ਵਿਤਕਰਾ ਕਰਦੀ ਆਈ ਹੈ। ਪਰ ਹੁਣ ਪੰਜਾਬ ਦੇ ਪਾਣੀਆਂ ਤੇ ਪੰਜਾਬ ਦੇ ਲੋਕਾਂ ਨਾਲ ਕਿਸੇ ਵੀ ਕੀਮਤ ਤੇ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ। ਸਾਡੇ ਕੋਲ ਹਰਿਆਣਾ ਸੂਬੇ ਨੂੰ ਹੋਰ ਵਾਧੂ ਪਾਣੀ ਦੇਣ ਲਈ ਸਾਫ ਨਾਂ ਹੈ। ਇਸ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਹਾਂ। ਇਸ ਕਰਕੇ ਨੰਗਲ ਡੈਮ ਦੇ ਪੱਕਾ ਮੋਰਚਾ ਲਾ ਅਸੀਂ ਪੰਜਾਬ ਤੇ ਪੰਜਾਬੀਅਤ ਦੀ ਰਾਖੀ ਲਈ ਬਚਨਵੱਧ ਹਾਂ ਤੇ ਹਮੇਸ਼ਾ ਰਹੇਗਾ। ਪੰਜਾਬ ਦੇ ਪਾਣੀਆਂ ਤੇ ਸਾਡਾ ਜਨਮ ਸਿੱਧ ਅਧਿਕਾਰ ਹੈ। ਮਾਰਕਿਟ ਦੇ ਚੇਅਰਮੈਨ ਸ੍ਰੀ ਸੋਨੀ ਨੇ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ ਧੱਕੇਸ਼ਾਹੀ ਦੀ ਸਖ਼ਤ ਸ਼ਬਦਾਂ ਵਿੱਚ ਅਲੋਚਨਾ ਕੀਤੀ। ਕਿਹਾ ਪਾਰਟੀ ਹਰ ਵਿਧਾਇਕ, ਚੇਅਰਮੈਨ ਅਤੇ ਪਾਰਟੀ ਵਲੰਟੀਅਰ ਇਸ ਮੁੱਦੇ ਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਲ ਮੋਢੇ ਨਾਲ ਮੋਢਾ ਲਾ ਖੜੇ ਹਨ।



# ਜੰਗ ਨਾ ਹੋਣਾ ਸਾਡੇ ਤੁਹਾਡੇ ਸਾਰਿਆਂ ਦੇ ਭਵਿੱਖ ਲਈ ਬਹੁਤ ਹੀ ਚੰਗੀ ਗੱਲ ਹੈ : ਵਿਸ਼ਵਨਾਥ ਬੰਟੀ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਜਦੋਂ ਦੇਸ਼ ਵਿੱਚ ਕਦੇ ਵੀ ਜੰਗ ਦੀ ਗੱਲ ਹੁੰਦੀ ਹੈ ਤਾਂ ਹਰ ਕੋਈ ਦੇਸ਼ ਦੇ ਫੌਜੀ ਵੀਰਾਂ ਨੂੰ ਯਾਦ ਕਰਦਾ ਹੈ ਭਗਤੀ ਵਾਲੇ ਗੀਤ ਸੁਣਦਾ ਹੈ ਕਿਉਂਕਿ ਉਸ ਵੇਲੇ ਹਰ ਕੋਈ ਜੈ ਜਵਾਨ ਜੈ ਕਿਸਾਨ ਦੇ ਨਾਹਰੇ ਵੀ ਲਾਉਂਦਾ ਹੈ ਪਰ ਕਦੇ ਵੀ ਕਿਸੇ ਨੇ ਉਸ ਬੁੱਢੀ ਮਾਂ ਨੂੰ ਨਹੀਂ ਪੁੱਛਿਆ ਜਿਸ ਦਾ ਫੌਜੀ ਪੁੱਤ ਸ਼ਹੀਦ ਹੋ ਗਿਆ ਹੋਵੇ ਉਸ ਮਾਂ ਦੀ ਸਾਰ ਕੋਈ ਨਹੀਂ ਲੈਂਦਾ ਇਹਨਾਂ ਗੱਲਾਂ ਦਾ ਪ੍ਰਗਟਾਵਾ ਕਾਂਗਰਸ ਦੇ ਉੱਘੇ ਆਗੂ ਅਤੇ ਗਊਸ਼ਾਲਾ ਦੇ ਪ੍ਰਧਾਨ ਵਿਸ਼ਵਨਾਥ ਬੰਟੀ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ਉਹਨਾਂ ਕਿਹਾ ਕਿ ਕਿਸੇ ਨੇ ਦੇਖਿਆ ਜੋ ਜੰਗ ਦੇ ਦੌਰਾਨ ਫੌਜ ਵਿੱਚ ਸ਼ਹੀਦ ਹੋਏ ਫੌਜੀ ਦੇ ਪਿਓ ਨੂੰ ਜਿਹੜਾ ਕਿ ਅਪਣਾ ਸਾਰਾ ਬੋਝ ਪੁੱਤਰ ਦੇ ਮੋਢਿਆਂ ਤੇ ਪਾਉਣ ਨੂੰ ਉਤਾਵਲਾ ਸੀ ਤੇ ਹੁਣ ਪੁੱਤਰ ਦੀ ਅਰਥੀ ਦੇ ਬੋਝ ਨੇ ਤੇ ਘਰ ਦੇ ਬੋਝ ਨੇ ਫਿਰ ਤੋਂ ਬੁਢਾਪੇ ਵਿੱਚ ਵੀ ਮੋਢਿਆਂ ਤੇ ਜਿੰਦਗੀ ਨੂੰ ਢੋਣ ਦਾ ਬੋਝ ਪਾ ਦਿੱਤਾ ਉਹਨਾ ਕਿਹਾ ਕਿ ਕਿਸੇ ਦੀ ਨਜਰ ਉਸ ਭੈਣ ਦੀ ਬਾਂਹ ਤੇ ਪਈ ਹੈ ਜੋ ਆਪਣੇ ਆਪ ਨੂੰ ਮਹਿਫੂਜ ਹੋਣ ਦੀ ਤੱਸਲੀ ਦੇਣ ਲਈ ਉਹ ਰੱਖੜੀ ਜੋ ਅਪਣੇ ਭਰਾ ਲਈ ਲੈ ਕੇ ਆਈ ਸੀ ਉਹ ਰੱਖੜੀ ਕਿੱਥੇ ਗਈ ਉਹਨਾ ਕਿਹਾ ਕਿ ਉਹ ਨਵੀਂ ਵਿਆਹੀ ਧੀ ਜੋ ਸ਼ਗਨਾਂ ਦਾ ਚੂੜਾ ਪਾ ਕੇ ਆਪਣੇ ਮੰਨ ਦੀਆਂ ਲਾਲਸਾਵਾਂ, ਇੱਛਾਵਾਂ ਪੂਰੀਆਂ ਕਰਨ ਲਈ ਆਪਣੇ ਪਤੀ ਨੂੰ ਮੰਨ ਵਿੱਚ ਵਸਾ ਕੇ ਹਰ ਸਮੇਂ ਇੰਤਜਾਰ ਕਰ ਰਹੀ ਹੈ, ਕਿੱਦਾ ਅਪਣੇ ਬੱਚਿਆ ਦੇ ਸੁਆਲਾਂ ਦੇ ਜੁਆਬ ਲੋਚਦੀ ਹੈ,ਅਤੇ ਕਿੱਦਾ ਲੋਕਾਂ ਦੀਆਂ ਗੰਦੀਆਂ ਨਜਰਾਂ ਦਾ ਸਾਹਮਣਾ ਕਰਦੀ ਹੈ। ਉਹਨਾਂ ਕਿਹਾ ਕਿ ਜੰਗ ਨਾਲ ਜਿੰਦਗੀਆ ਪੱਛੜ ਜਾਂਦੀਆਂ ਹਨ ਅਤੇ ਦੇਸ਼ ਦੀ ਤਰੱਕੀ ਕਈ ਦਹਾਕੇ ਪਿੱਛੇ ਚਲੀ ਜਾਂਦੀ ਹੈ ਜਿਸ ਦਾ ਸੰਤਾਪ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਭੋਗਣਾ ਪੈਂਦਾ ਹੈ। ਉਹਨਾਂ ਕਿਹਾ ਕਿ ਜੰਗ ਨਾ ਹੀ ਹੋਵੇ ਤਾਂ ਚੰਗੀ ਗੱਲ ਹੈ ਜੰਗ ਨਾ ਹੋਣਾ ਸਾਡੇ ਤੁਹਾਡੇ ਭਵਿੱਖ ਲਈ ਬਹੁਤ ਹੀ ਚੰਗਾ ਹੈ।



# ਹੇਜ ਕਬੱਡੀ ਕਲੱਬ ਲੰਡਨ ਵੱਲੋਂ ਪਹਿਲਾ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ

● ਟੈਲਫੋਡ(ਸਵਰਗਵਾਸੀ ਸੰਦੀਪ ਨੰਗਲ ਅੰਬੀਆਂ) ਦੀ ਟੀਮ ਨੇ ਜਿੱਤ ਦਾ ਝੰਡਾ ਬੁਲੰਦ ਕੀਤਾ ● ਮਾਂ ਖੇਡ ਕਬੱਡੀ ਨਾਲ ਯੂ ਕੇ ਵਿੱਚ ਵੱਸਦੀ ਨੌਜਵਾਨ ਪੀੜ੍ਹੀ ਨੂੰ ਜੋੜਨਾ ਟੂਰਨਾਮੈਂਟ ਦਾ ਮੁੱਖ ਉਦੇਸ਼ - ਬਲਜਿੰਦਰ ਭਿੰਡਰ,ਕੇਵਲ ਪੁਲਸੀਆ







**ਲੰਡਨ, (ਰਾਜਵੀਰ ਸਮਰਾ)-** ਹੇਜ ਕਬੱਡੀ ਕਲੱਬ ਲੰਡਨ ਵੱਲੋਂ ਕਬੱਡੀ ਟੂਰਨਾਮੈਂਟ ਬਲਜਿੰਦਰ ਭਿੰਡਰ ,ਕੇਵਲ ਪੁਲਸੀਆ ਤੇ ਹਰਵੰਤ ਮੱਲ੍ਹੀ ਦੀ ਯੋਗ ਅਗਵਾਈ ਹੇਠ ਪਹਿਲਾ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ । ਇਸ ਟੂਰਨਾਮੈਂਟ ਦੌਰਾਨ ਟੈਲਫੋਡ ਸਵਰਗਵਾਸੀ ਸੰਦੀਪ ਨੰਗਲ ਅੰਬੀਆਂ ਦੀ ਟੀਮ ਨੇ ਸਾਢੇ 38 ਨੰਬਰ ਲੈ ਕੇ ਪਹਿਲੇ ਨੰਬਰ ਤੇ ਰਹੀ ਤੇ ਗਰੇਵਜੈਟ ਦੀ ਟੀਮ 29 ਨੰਬਰਾਂ ਨਾਲ ਦੂਜੇ ਨੰਬਰ ਤੇ ਰਹੀ । ਇਸ ਟੂਰਨਾਮੈਂਟ ਦਾ ਉਦਘਾਟਨ ਬਲਜਿੰਦਰ ਭਿੰਡਰ ਤੇ ਕੇਵਲ ਪੁਲਸੀਆ ਹਰਵੰਤ ਮੱਲ੍ਹੀ ਵੱਲੋਂ ਸਾਂਝੇ ਤੌਰ ਤੇ ਕੀਤਾ ਗਿਆ। ਟੂਰਨਾਮੈਂਟ ਦਾ ਉਦਘਾਟਨ ਕਰਨ ਉਪਰੰਤ ਬਲਜਿੰਦਰ ਭਿੰਡਰ ਨੇ ਕਿਹਾ ਕਿ ਮਾਂ ਖੇਡ ਕਬੱਡੀ ਨਾਲ ਯੂ ਕੇ ਵਿੱਚ ਵੱਸਦੀ ਨੌਜਵਾਨ ਪੀੜ੍ਹੀ ਨੂੰ ਜੋੜਨਾ ਹੀ ਇਸ ਟੂਰਨਾਮੈਂਟ ਦਾ ਮੁੱਖ ਉਦੇਸ਼ ਹੈ । ਉਹਨਾਂ ਕਿਹਾ ਕਿ ਇਹ ਖੇਡਾਂ ਹੀ ਸਾਡੇ ਸਰੀਰ ਨੂੰ ਤੰਦਰੁਸਤੀ ਅਤੇ ਅਰੋਗਤਾ ਬਖਸ਼ਦੀਆਂ ਹਨ। ਉਹਨਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਇਹਨਾਂ ਖੇਡਾਂ ਵੱਲ ਜਰੂਰ ਪਾਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਟੂਰਨਾਮੈਂਟ ਆਯੋਜਿਤ ਕੀਤੇ ਜਾਣਗੇ। ਇਸ ਇਸ ਦੌਰਾਨ ਜਿੱਥੇ ਉਹਨਾਂ ਨੇ ਜੇਤੂ ਤੇ ਉਪ ਜੇਤੂ ਟੀਮ ਨੂੰ ਇਹ ਵਿਸ਼ੇਸ਼ ਇਨਾਮ ਤੇ ਨਗੰਦ ਰਾਸ਼ੀ ਨਾਲ ਸਨਮਾਨਿਤ ਕੀਤਾ।ਇਸ ਦੌਰਾਨ ਕੁਲਵਿੰਦਰ ਧਰਮਪੁਰੇ ਵਾਲਾ ਬੈਸਟ ਰੇਡਰ ਤੇ ਖੁਸ਼ੀ ਦੁੱਗੇ ਨੂੰ ਬੈਸਟ ਜਾਫੀ ਦੇ ਤੌਰ ਤੇ ਚੁਣਿਆ ਗਿਆ। ਇਸ ਟੂਰਨਾਮੈਂਟ ਦੌਰਾਨ ਦੀਪਕ ਕਾਸ਼ੀਪੁਰ ,ਬੁਰੀਆ ਸੀਸਰਪੁਰੀਆ, ਫੂਲਾ ਸੂਸਕ ,ਸੋਨੀ ਫੱਕਰ ਝੰਡੇ ਵਾਲਾ ,ਜਸ਼ਨ ਆਲਮਗੀਰ ਤੇ ਰਾਜਾ ਪੱਧਰੀ ਨੇ ਇਸ ਖੇਡ ਮੇਲੇ ਵਿੱਚ ਵਧੀਆ ਪ੍ਰਦਰਸ਼ਨ ਕਰ ਕੇ ਆਪਣੀ ਕਲਾ ਦੇ ਜੌਹਰ ਦਿਖਾਏ । ਇਸ ਖੇਡ ਟੂਰਨਾਮੈਂਟ ਦੌਰਾਨ ਸਾਬਕਾ ਕਬੱਡੀ ਖਿਡਾਰੀ ਬਲਵਿੰਦਰ ਸਿੰਘ ਫਿੱਡੂ ਨੂੰ ਨਗਦ ਰਾਸ਼ੀ ਤੇ ਯਾਦਗਾਰੀ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਇਸ ਟੂਰਨਾਮੈਂਟ ਨੂੰ ਸਫਲ ਬਣਾਉਣ ਦੇ ਲਈ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਕੰਮਾਂ ਔਜਲਾ, ਬਲਦੇਵ ਸਿੰਘ ਬੁਲਟ, ਸੱਤਾ ਮੁਠੱਡਾ , ਭਿੰਦਾ ਮੁਠੱਡਾ ,ਸਤਿੰਦਰ ਪਾਲ ਸਿੰਘ ਗੋਲਡੀ, ਤਰਲੋਚਨ ਸਿੰਘ ਗਿੱਲ, ਸੀਪਾ ਚੱਕਰ, ਸੋਨੀ ਬਿਲਗਾ ,ਸੁਖਵਿੰਦਰ ਸਿੰਘ ਮੌਲਾ ਤੇ ਕੇਸਰ ਸਿੰਘ ਧਾਲੀਵਾਲ ਨੇ ਵਿਸ਼ੇਸ਼ ਭੂਮਿਕਾ ਨਿਭਾਈ ।

ਸਮਾਜ ਵੀਕਲੀ ਨਿਊਜ਼



**Rajveer samra**
**journailst**
**London**
**07412970999**
**Please send me ipcture of tihs news**
**Thank you**

## 2016 ਬੈਚ ਦੀ ਪੀ.ਸੀ.ਐਸ. ਅਧਿਕਾਰੀ ਅਨਮਜਯੋਤ ਕੌਰ ਨੇ ਐਸ.ਡੀ.ਐਮ. ਨਵਾਂਸ਼ਹਿਰ ਵਜੋਂ ਅਹੁਦਾ ਸੰਭਾਲਿਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** 2016 ਬੈਚ ਦੇ ਪੰਜਾਬ ਸਿਵਲ ਸੇਵਾਵਾਂ ਅਧਿਕਾਰੀ ਅਨਮਜਯੋਤ ਕੌਰ ਨੇ ਸੋਮਵਾਰ ਨੂੰ ਇੱਥੇ ਸਬ-ਡਵੀਜ਼ਨਲ ਮੈਜਿਸਟਰੇਟ ਨਵਾਂਸ਼ਹਿਰ ਵਜੋਂ ਅਹੁਦਾ ਸੰਭਾਲਿਆ। ਅਹੁਦਾ ਸੰਭਾਲ਼ਦਿਆਂ ਐਸ.ਡੀ.ਐਮ. ਅਨਮਜਯੋਤ ਕੌਰ ਨੇ ਕਿਹਾ ਕਿ ਨਿਰਧਾਰਤ ਸਮੇਂ ਵਿੱਚ ਨਾਗਰਿਕ ਸੇਵਾਵਾਂ ਪ੍ਰਦਾਨ ਕਰਨਾ ਉਨ੍ਹਾਂ ਦੀ ਤਰਜੀਹ ਹੋਵੇਗੀ । ਉਨ੍ਹਾਂ ਕਿਹਾ ਕਿ ਪਾਰਦਰਸ਼ੀ ਪ੍ਰਸ਼ਾਸਨ ਦੇ ਨਾਲ-ਨਾਲ ਲੋਕ ਮਸਲਿਆਂ ਦੇ ਢੁਕਵੇਂ ਨਿਪਟਾਰੇ ਨੂੰ ਵੀ ਪਹਿਲ ਦੇ ਆਧਾਰ ‘ਤੇ ਅਮਲੀ ਜਾਮਾ ਪਹਿਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕ ਹਿਤਾਂ ਮੱਦੇਨਜ਼ਰ ਵਿਕਾਸ ਕਾਰਜਾਂ ਨੂੰ ਵੀ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਨਮਜਯੋਤ ਕੌਰ ਬਤੌਰ ਐਸ.ਡੀ.ਐਮ. ਜੈਤੋ, ਐਸ.ਡੀ.ਐਮ. ਖਡੂਰ ਸਾਹਿਬ, ਅਸਟੇਟ ਅਫਸਰ ਅੰਮ੍ਰਿਤਸਰ ਵਿਕਾਸ ਅਥਾਰਟੀ ਅਤੇ ਡਿਪਟੀ ਡਾਇਰੈਕਟਰ ਸਥਾਨਕ ਸਰਕਾਰਾਂ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ ।

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਦੁੱਗਰੀ, ਫੇਸ-1 ਵਿੱਚ ਸ਼੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ = ਕੁਲਵਿੰਦਰ ਸਿੰਘ ਬੈਨੀਪਾਲ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਦੁੱਗਰੀ, ਫੇਸ-1 ਵਿੱਚ ਸ਼੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਬ੍ਰਹਮ ਬੂੰਗਾ ਸਾਹਿਬ ਦੀਆਂ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ 2 ਰੋਜ਼ਾ ਸਿਮਰਨ ਅਤੇ ਕੀਰਤਨ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ਼ਨੀਵਾਰ ਅੰਮ੍ਰਿਤ ਵੇਲੇ ਤੋਂ ਹੀ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ ਜਿਸ ਵਿੱਚ ਆਸਾ ਜੀ ਦੀ ਵਾਰ ਦੇ ਕੀਰਤਨ ਸੰਗਤੀ ਰੂਪ ਵਿੱਚ ਕੀਤੇ ਗਏ । ਬਾਅਦ ਵਿੱਚ ਗੁਰਦੁਆਰਾ ਸਾਹਿਬ ਦੀ ਇਸਤ੍ਰੀ ਸਤਿਸੰਗ ਸਭਾ ਦੀਆਂ ਬੀਬੀਆਂ ਬੀਬੀ ਦਵਿੰਦਰ ਕੌਰ, ਮਨਜੀਤ ਕੌਰ, ਸਿਮਰਨ ਕੌਰ, ਬਲਵਿੰਦਰ ਕੌਰ ਬੱਤਰਾ, ਕੁਲਜੀਤ ਕੌਰ, ਬੀਬੀਆਂ ਨੇ ਸੁਖਮਨੀ ਸਾਹਿਬ, ਜਪੁਜੀ ਸਾਹਿਬ, ਚੌਪਈ ਸਾਹਿਬ ਦੇ ਪਾਠ ਕੀਤੇ, ਕੀਰਤਨ ਦੀ ਸੇਵਾ ਨਿਭਾਈ ਅਤੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ। ਦੁਪਹਿਰ ਬਾਅਦ ਗੁਰਦੁਆਰਾ ਬ੍ਰਹਮ ਬੂੰਗਾ ਸਾਹਿਬ ਦੀਆਂ ਸੰਗਤਾਂ ਵੱਲੋਂ ਸਿਮਰਨ ਵਾਹਿਗੁਰੂ ਗੁਰਮੰਤਰ, ਗੁਰਬਾਣੀ ਵਿਚਾਰ, ਰਹਿਰਾਸ ਸਾਹਿਬ ਅਤੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਤਰ੍ਹਾਂ ਸਮਾਗਮਾਂ ਦੇ ਦੂਸਰੇ ਅਤੇ ਆਖਰੀ ਦਿਨ ਐਤਵਾਰ ਨੂੰ ਅੰਮ੍ਰਿਤ ਵੇਲੇ ਤੋਂ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ । ਸੰਗਤੀ ਰੂਪ ਵਿੱਚ ਸੰਗਤਾਂ ਨੇ ਗੁਰਸਿਮਰਨ, ਕਥਾ ਵਿਚਾਰ ਅਤੇ ਕੀਰਤਨ ਦੀ ਸੇਵਾ ਨਿਭਾਈ । ਸਾਰਾ ਦਿਨ ਸੰਗਤਾਂ ਨੇ ਕੀਰਤਨ ਦਾ ਲਾਹਾ ਲਿਆ ਅਤੇ ਕੀਰਤਨ ਦਾ ਆਨੰਦ ਮਾਣਿਆ । ਗੁਰਦੁਆਰਾ ਸਾਹਿਬ ਵਿੱਚ ਪੰਜ ਪਿਆਰਿਆਂ ਵੱਲੋਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ ਅਨੇਕਾਂ ਪ੍ਰਾਣੀ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣੇ। ਭਾਰੀ ਗਿਣਤੀ ਵਿੱਚ ਸੰਗਤਾਂ ਨੇ ਸਮਾਗਮਾਂ ਵਿੱਚ ਹਾਜ਼ਰੀ ਭਰੀ ਅਤੇ ਆਪਣਾ ਜੀਵਨ ਸਫ਼ਲ ਕੀਤਾ। ਅਰਦਾਸ, ਹੁਕਮਨਾਮੇ ਉਪਰੰਤ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ । ਦੂਰ ਦੂਰਾਡੇ ਤੋਂ ਆਈਆਂ ਸੰਗਤਾਂ ਦੇ ਰਾਤ ਰਹਿਣ ਦਾ ਪ੍ਰਬੰਧ ਵੀ ਕੀਤਾ ਗਿਆ । ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ । ਸੰਗਤਾਂ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ, ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਜਗਮੋਹਨ ਸਿੰਘ, ਸਰਬਜੀਤ ਸਿੰਘ, ਚਰਨਜੀਤ ਸਿੰਘ ਪਾਇਲ, ਮਨਜੀਤ ਸਿੰਘ ਪਾਇਲ, ਯਸ਼ਪਾਲ ਸਿੰਘ, ਡਾਕਟਰ ਪ੍ਰੇਮ ਸਿੰਘ ਚਾਵਲਾ, ਮਲਕੀਤ ਸਿੰਘ, ਬਲਬੀਰ ਸਿੰਘ, ਗੁਰਦੀਪ ਸਿੰਘ ਕਾਲੜਾ, ਹਰਪਾਲ ਸਿੰਘ, ਐਡਵੋਕੇਟ ਰਾਜਿੰਦਰ ਪਾਲ ਸਿੰਘ, ਤਰਲੋਕ ਸਿੰਘ ਸੱਚਦੇਵਾ, ਤਰਲੋਕ ਸਿੰਘ, ਅਮਰਜੀਤ ਸਿੰਘ, ਪਰਮਜੀਤ ਸਿੰਘ, ਬੀਬੀ ਗੁਰਮੀਤ ਕੌਰ, ਕਰਮਜੀਤ ਕੌਰ ,ਰਾਜਨੀਇੰਦਰ ਕੌਰ, ਰਵਿੰਦਰ ਕੌਰ ਹਾਜ਼ਰ ਸਨ ।





# ਲੋਕ ਗੀਤਾਂ ਵਰਗੇ ਗੀਤਾਂ ਦਾ ਸਿਰਜਕ– ਨੰਦ ਲਾਲ ਨੂਰਪੁਰੀ

**(ਨੋਟ 13 ਮਈ ਨੂੰ ਬਰਸੀ 'ਤੇ ਵਿਸ਼ੇਸ਼)**

ਨੰਦ ਲਾਲ ਨੂਰਪੁਰੀ ਪੰਜਾਬੀ ਗੀਤਕਾਰੀ ਦਾ ਉਹ ਧਰੂ ਤਾਰਾ ਹੈ, ਜਿਸ ਦੇ ਰਚੇ ਗੀਤਾਂ ਦੀ ਚਮਕ ਹਮੇਸ਼ਾ-ਹਮੇਸ਼ਾ ਲਈ ਪੰਜਾਬੀਆਂ ਦੇ ਮਨਾਂ ਨੂੰ ਰੁਸ਼ਨਾਉਂਦੀ ਰਹੇਗੀ। ਆਪ ਦਾ ਜਨਮ ਮਾਤਾ ਹੁਕਮ ਦੇਵੀ ਦੀ ਕੁੱਖੋਂ, ਪਿਤਾ ਸ਼੍ਰੀ ਬਿਸ਼ਨ ਸਿੰਘ ਦੇ ਗ੍ਰਹਿ ਵਿਖੇ ਪਿੰਡ ਨੂਰਪੁਰ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿੱਚ 1906 ਈਸਵੀ ਨੂੰ ਹੋਇਆ। ਉਨ੍ਹਾਂ ਖ਼ਾਲਸਾ ਹਾਈ ਸਕੂਲ ਲਾਇਲਪੁਰ ਤੋਂ ਦਸਵੀਂ ਦੀ ਪ੍ਰੀਖਿਆ ਪਾਸ ਕੀਤੀ। ਉਚੇਰੀ ਪੜ੍ਹਾਈ ਲਈ ਉਨ੍ਹਾਂ ਖ਼ਾਲਸਾ ਕਾਲਜ, ਲਾਇਲਪੁਰ ਵਿੱਚ ਦਾਖ਼ਲਾ ਲੈ ਲਿਆ। ਘਰ ਦੀ ਆਰਥਿਕ ਮੰਦਹਾਲੀ ਕਾਰਨ ਉਹ ਕਾਲਜ ਦੀ ਪੜ੍ਹਾਈ ਸਿਰੇ ਨਾ ਲਾ ਸਕੇ। ਪੜ੍ਹਾਈ ਅੱਧਵਾਟੇ ਛੱਡ ਕੇ ਪਹਿਲਾਂ ਉਨ੍ਹਾਂ ਇੱਕ ਅਧਿਆਪਕ ਬਣ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਪਰੰਤੂ ਕੁਝ ਸਮੇਂ ਬਾਅਦ ਅਧਿਆਪਕ ਦੀ ਨੌਕਰੀ ਛੱਡ ਕੇ ਉਹ ਬੀਕਾਨੇਰ (ਰਾਜਸਥਾਨ) ਵਿੱਚ ਚਲਾ ਗਿਆ। ਉੱਥੇ ਉਹ ਪੁਲਿਸ ਵਿੱਚ ਭਰਤੀ ਹੋ ਗਿਆ। ਇਸੇ ਸਮੇਂ ਉਸ ਦਾ ਵਿਆਹ ਸੁਮਿੱਤਰਾ ਦੇਵੀ ਨਾਂ ਦੀ ਇੱਕ ਸੋਹਣੀ ਸੁਨੱਖੀ ਮੁਟਿਆਰ ਨਾਲ਼ ਹੋ ਗਿਆ। ਵਿਆਹ ਉਪਰੰਤ ਉਨ੍ਹਾਂ ਦੇ ਘਰ ਚਾਰ ਬੇਟੀਆਂ ਅਤੇ ਦੋ ਬੇਟਿਆਂ ਨੇ ਜਨਮ ਲਿਆ। ਪਰੰਤੂ ਸਾਹਿਤਕ ਅਤੇ ਸੰਗੀਤਕ ਰੁਚੀਆਂ ਹੋਣ ਕਾਰਨ ਪੁਲਿਸ ਦੀ ਨੌਕਰੀ ਵੀ ਉਸ ਨੂੰ ਰਾਸ ਨਾ ਆਈ। ਕੁਝ ਸਾਲ ਪੁਲਿਸ ਵਿਭਾਗ ਵਿੱਚ ਕੰਮ ਕਰਨ ਉਪਰੰਤ ਉਸ ਨੇ ਉਹ ਨੌਕਰੀ ਛੱਡ ਦਿੱਤੀ।

1940 ਈਸਵੀ ਵਿੱਚ ਉਸ ਨੇ ਪੰਜਾਬੀ ਫ਼ਿਲਮ 'ਮੰਗਤੀ' ਲਈ ਗ਼ੀਤ, ਕਹਾਣੀ ਅਤੇ ਸੰਵਾਦ ਲਿਖੇ, ਜੋ ਕਿ ਬਹੁਤ ਜ਼ਿਆਦਾ ਮਕਬੂਲ ਹੋਏ। ਮੰਗਤੀ ਫ਼ਿਲਮ ਦੇ ਇਨ੍ਹਾਂ ਗੀਤਾਂ ਅਤੇ ਡਾਇਲਾਗ ਨਾਲ਼ ਉਸ ਦਾ ਨਾਂ ਪੂਰੇ ਪੰਜਾਬ ਵਿੱਚ ਪ੍ਰਸਿੱਧ ਹੋ ਗਿਆ। ਉਹ ਕੁਝ ਸਮੇਂ ਲਈ ਕੋਲੰਬੀਆ ਫ਼ਿਲਮ ਕੰਪਨੀ ਲਈ ਵੀ ਗ਼ੀਤ ਲਿਖਦੇ ਰਹੇ। ਪਰੰਤੂ 1947 ਈਸਵੀ ਵਿੱਚ ਦੇਸ਼ ਦੀ ਵੰਡ ਨੇ ਉਸ ਨੂੰ ਬਹੁਤ ਵੱਡੀ ਢਾਹ ਲਾਈ। ਹੋਰ ਲੋਕਾਂ ਨਾਲ਼ ਉਹ ਵੀ ਆਪਣੀ ਜਨਮ ਭੂਮੀ ਛੱਡ ਕੇ ਜਲੰਧਰ ਆ ਗਿਆ। ਤੰਗੀਆਂ ਤੁਰਸ਼ੀਆਂ ਨਾਲ਼ ਜੂਝਦਿਆਂ ਉਸ ਨੇ ਅਕਾਸ਼ ਬਾਣੀ ਜਲੰਧਰ ਵਿਖੇ ਨੌਕਰੀ ਕਰ ਲਈ। ਇੱਥੇ ਹੀ ਉਸ ਨੇ ਕਵੀ ਦਰਬਾਰਾਂ ਵਿੱਚ ਵੀ ਭਾਗ ਲੈਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਸਾਰੇ ਹੀਲੇ ਵਸੀਲਿਆਂ ਦੇ ਬਾਵਜੂਦ ਵੀ ਉਸ ਦੀ ਆਰਥਿਕ ਮੰਦਹਾਲੀ ਜਿਉਂ ਦੀ ਤਿਉਂ ਬਣੀਂ ਰਹੀ।

ਬੇਸ਼ੱਕ ਨੂਰਪੁਰੀ ਨੇ ਔਰਤ ਅਤੇ ਮਰਦ ਦੋਵਾਂ ਲਈ ਗ਼ੀਤ ਰਚੇ ਹਨ। ਪਰੰਤੂ ਉਸ ਨੇ ਬਹੁਤੇ ਗ਼ੀਤ ਔਰਤਾਂ ਲਈ ਲਿਖੇ ਹਨ। ਜਿਨ੍ਹਾਂ ਵਿੱਚੋਂ ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ, ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ, ਚੰਨ ਵੇ ਕਿ ਸ਼ੌਂਕਣ ਮੇਲੇ ਦੀ, ਨੀਂ ਮੈਨੂੰ ਦਿਓਰ ਦੇ ਵਿਆਹ ਵਿੱਚ ਨੱਚ ਲੈਣ ਦੇ, ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ, ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ, ਚੁੰਮ-ਚੁੰਮ ਰੱਖੋ ਨੀਂ ਇਹ ਕਲਗੀ ਜੁਝਾਰ ਦੀ, ਦਾਤੇ ਦੀਆਂ ਬੇਪਰਵਾਹੀਆਂ ਤੋਂ ਓਏ ਬੇਪਰਵਾਹਾ ਡਰਿਆ ਕਰ, ਓ ਦੁਨੀਆਂ ਦੇ ਬੰਦਿਓ ਪੂਜੋ, ਪੂਜੋ ਉਨ੍ਹਾਂ ਇਨਸਾਨਾਂ ਨੂੰ, ਏਥੋਂ ਉੱਡ ਜਾ ਭੋਲਿਆ ਪੰਛੀਆ ਵੇ ਤੂੰ ਆਪਣੀ ਜਾਨ ਬਚਾ, ਵੰਗਾਂ ਆਦਿ ਪੰਜਾਬੀਆਂ ਦੇ ਬੁੱਲਾਂ ਉੱਤੇ ਇਉਂ ਚੜ੍ਹ ਗਏ



ਸਨ, ਜਿਵੇਂ ਇਹ ਲੋਕ ਗੀਤ ਹੋਣ। ਨੰਦ ਲਾਲ ਨੂਰਪੁਰੀ ਦੇ ਰਚੇ ਗੀਤਾਂ ਨੂੰ ਗਾ ਕੇ ਪੰਜਾਬੀ ਦੇ ਬਹੁਤ ਸਾਰੇ ਕਲਾਕਾਰ ਅਮਰ ਹੋ ਗਏ ਹਨ, ਜਿਨ੍ਹਾਂ ਵਿੱਚੋਂ ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਹਰਚਰਨ ਗਰੇਵਾਲ ਆਦਿ ਦੇ ਨਾਂ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ।

ਨੰਦ ਲਾਲ ਨੂਰਪੁਰੀ ਸਾਰੀ ਜ਼ਿੰਦਗੀ ਇਨਾਮਾਂ ਸਨਮਾਨਾਂ ਦੇ ਪਿੱਛੇ ਨਹੀਂ ਗਿਆ। ਨਾ ਹੀ ਉਸ ਨੇ ਆਪਣੇ ਰਚੇ ਗੀਤਾਂ ਉੱਤੇ ਗੋਸ਼ਟੀਆਂ ਕਰਵਾਉਣ ਲਈ ਤਥਾ ਕਥਿਤ ਵਿਦਵਾਨਾਂ ਅੱਗੇ ਤਰਲੇ ਪਾਏ। ਨਾ ਹੀ ਉਸ ਨੇ ਆਪਣੇ ਗੀਤਾਂ ਉੱਤੇ ਯੂਨੀਵਰਸਿਟੀਆਂ ਵਿੱਚ ਖੋਜ ਕਾਰਜ ਕਰਵਾਉਣ ਲਈ ਕਿਸੇ ਅੱਗੇ ਹੱਥ ਬੰਨ੍ਹੇ। ਉਹ ਭਾਵੇਂ ਸਾਰੀ ਉਮਰ ਤੰਗੀਆਂ ਤੁਰਸ਼ੀਆਂ ਥੁੜ੍ਹਾਂ ਅਤੇ ਝੋਰਿਆਂ ਭਰਿਆ ਜੀਵਨ ਜੀਉਂਦਾ ਰਿਹਾ। ਪਰੰਤੂ ਉਸ ਦੇ ਰਚੇ ਗੀਤਾਂ ਵਿਚਲੇ ਨੌਜਵਾਨ ਅਤੇ ਮੁਟਿਆਰਾਂ ਸਰੀਰਕ, ਮਾਨਸਿਕ, ਬੌਧਿਕ ਅਤੇ ਉੱਚੀਆਂ ਨੈਤਿਕ ਕਦਰਾਂ ਕੀਮਤਾਂ ਅਤੇ ਭਾਵਨਾਵਾਂ ਨਾਲ਼ ਓਤ ਪੋਤ ਰਹੇ ਹਨ। ਉਸ ਦੇ ਰਚੇ ਗੀਤਾਂ ਦੀਆਂ ਕਈ ਪੁਸਤਕਾਂ ਪੰਜਾਬੀਆਂ ਨੇ ਬੜੀ ਰੀਝ ਨਾਲ਼ ਪੜ੍ਹੀਆਂ ਹਨ। ਜਿਨ੍ਹਾਂ ਵਿੱਚੋਂ ਵੰਗਾਂ, ਜੀਉਂਦਾ ਪੰਜਾਬ, ਮਿਲੀ ਜੁਲੀ ਕਵਿਤਾ ਅਤੇ ਆਡੀਓ ਕਵਿਤਾ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਜਾ ਸਕਦਾ ਹੈ।

ਸਮਾਜ ਵਿਚਲੀ ਆਰਥਿਕ ਕਾਣੀ ਵੰਡ, ਸਮਾਜਿਕ ਵਿਵਸਥਾ ਵਿਚਲੇ ਭੈੜ ਅਤੇ ਵਿਗਾੜ ਉਸ ਨੂੰ ਮਾਨਸਿਕ ਤੌਰ 'ਤੇ ਸਾਰੀ ਜ਼ਿੰਦਗੀ ਪ੍ਰੇਸ਼ਾਨ ਕਰਦੇ ਰਹੇ। ਉਸ ਵੱਲੋਂ ਲਿਖੇ ਬਹੁਤ ਉੱਚ ਪਾਏ ਦੇ ਗੀਤਾਂ ਦੇ ਬਾਵਜੂਦ ਵੀ ਜਦੋਂ ਉਹ ਗ਼ੁਰਬਤ ਭਰੀ ਜ਼ਿੰਦਗੀ ਵਿੱਚੋਂ ਬਾਹਰ ਨਾ ਨਿੱਕਲ ਸਕਿਆ ਤਾਂ ਅਤਿ ਦੀ ਗ਼ਰੀਬੀ ਦੀ ਹਾਲਤ ਵਿੱਚ ਉਸ ਨੇ 13 ਮਈ, 1966 ਈਸਵੀ ਨੂੰ ਖ਼ੂਹ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਆਪਣੀ ਜੀਵਨ ਲੀਲਾ ਖ਼ਤਮ ਕਰ ਦਿੱਤੀ।

ਨੰਦ ਲਾਲ ਨੂਰਪੁਰੀ ਦੀ ਮੌਤ ਉਪਰੰਤ ਕੁਝ ਵਿਦਵਾਨਾਂ, ਕਵੀਆਂ ਅਤੇ ਕਵੀਸ਼ਰਾਂ ਨੇ ਮਿਲ ਕੇ 'ਨੰਦ ਲਾਲ ਨੂਰਪੁਰੀ ਸੁਸਾਇਟੀ' ਬਣਾਈ। ਜਿਸ ਦਾ ਮੁੱਖ ਉਦੇਸ਼ ਨੂਰਪੁਰੀ ਦੀ ਵਿਚਾਰਧਾਰਾ ਨੂੰ ਸਾਰੇ ਸਮਾਜ ਵਿੱਚ ਲੈ ਕੇ ਆਉਣਾ ਮਿੱਥਿਆ ਗਿਆ ਹੈ। ਇਸ ਦੇ ਨਾਲ਼ ਹੀ ਸੁਸਾਇਟੀ ਹਰ ਸਾਲ ਕਿਸੇ ਇੱਕ ਕਲਾਕਾਰ ਨੂੰ ਸਨਮਾਨ ਦੇ ਕੇ ਉਸ ਦਾ ਮਾਣ ਵਧਾਉਂਦੀ ਆ ਰਹੀ ਹੈ।



**ਡਾ. ਇਕਬਾਲ ਸਿੰਘ ਸਕਰੌਦੀ**
ਗ਼ਲੀ ਨੰਬਰ 06, ਥਲੇਸ ਬਾਗ਼ ਕਲੋਨੀ,
ਸੰਗਰੂਰ।
84276-85020






# ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਨਾਵਲ ਮੰਡੀ ਰਹੀਮ ਖਾਂ ਤੇ ਕਰਵਾਈ ਗੋਸ਼ਟੀ

**ਬਰਨਾਲਾ : (ਚੰਡਿਹੋਕ)** ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈਟੀਆਈ ਵਿਖੇ ਕਰਵਾਇਆ ਗਿਆ॥ ਇਸ ਸਮਾਗਮ ਵਿੱਚ ਨਾਵਲਕਾਰ ਸੁਖਵਿੰਦਰ ਸਿੰਘ ਬਾਲੀਆਂ ਦੇ ਨਾਵਲ ਮੰਡੀ ਰਹੀਮ ਖਾਂ ਉਪਰ ਗੋਸ਼ਟੀ ਕਰਵਾਈ ਜਿਸ ਉੱਪਰ ਪਰਚਾ ਪੜਦਿਆਂ ਡਾ ਰਾਮਪਾਲ ਸਿੰਘ ਸ਼ਾਹਪੁਰੀ ਨੇ ਕਿਹਾ ਕਿ ਮੰਡੀ ਰਹੀਮ ਖਾਂ ਨਾਵਲ ਮਲਵਈਆਂ ਦੇ ਮਿਹਨਤੀ ਸੁਭਾਅ ਅਤੇ ਸੰਘਰਸ਼ ਵਿੱਚੋਂ ਜ਼ਿੰਦਗੀ ਤਲਾਸ਼ਣ ਦੇ ਖ਼ਿਆਲ ਦਾ ਖ਼ੂਬਸੂਰਤ ਬਿਰਤਾਂਤ ਹੈ। ਇਹ ਨਾਵਲ ਮਾਲਵੇ ਦੇ ਪੁਰਾਤਨ ਪੇਂਡੂ ਜੀਵਨ ਦੀ ਯਥਾਰਥਕ ਝਲਕ ਨੂੰ ਪੇਸ਼ ਕਰਦਾ ਹੈ॥ ਸਭਾ ਦੇ ਪ੍ਰਧਾਨ ਡਾ ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਸੁਖਵਿੰਦਰ ਸਿੰਘ ਬਾਲੀਆਂ ਦਾ ਨਾਵਲ ਭਾਵੇਂ ਉਨੀਵੀਂ ਸਦੀ ਦੇ ਬਿਰਤਾਂਤ ਤੋਂ ਸ਼ੁਰੂ ਹੁੰਦਾ ਹੈ, ਇਹ ਅਜੋਕੇ ਸਮੇਂ ਵਿੱਚ ਪੈਦਾ ਹੋਏ ਧਾਰਮਿਕ ਤੇ ਜਾਤ-ਪਾਤ ਆਧਾਰ ਸਮਾਜ ਦੇ ਆਧਾਰ ਤੇ ਫਿਰਕਾਪ੍ਰਸਤ ਲੋਕਾਂ ਦੀਆਂ ਕੋਝੀਆਂ ਚਾਲਾਂ ਦੇ ਪਰਦੇ ਉਧੇੜਦਾ ਹੈ।

ਇਸ ਨਾਵਲ ਵਿੱਚ ਮਲਵਈ ਲੋਕਾਂ ਦੇ ਜੀਵਨ ਦੀ ਸੰਘਰਸ਼ਮਈ ਜ਼ਿੰਦਗੀ ਦਾ ਚਿਤਰਣ ਹੈ ਉੱਥੇ ਦੇਸ਼ ਦੇ ਬਟਵਾਰੇ ਦੀਆਂ ਮਾਨਸਿਕ ਪੀੜਾਂ ਉਦਰੇਵਿਆਂ ਨੂੰ ਵੀ ਬਾਖ਼ੂਬੀ ਪੇਸ਼ ਕੀਤਾ ਹੈ



ਕਹਾਣੀਕਾਰ ਪਰਮਜੀਤ ਮਾਨ ਨੇ ਕਿਹਾ ਕਿ ਅੱਜ ਵੀ ਲੋਕਾਂ ਦੀ ਮਾਨਸਿਕਤਾ ਉਹੀ ਹੈ ਜੋ ਵੰਡ ਵੇਲੇ ਸੀ ਭਾਵੇਂ ਕਿ ਨਫਰਤ ਫੈਲਾਉਣ ਵਾਲੇ ਲੋਕ ਬਹੁਤ ਘੱਟ ਹੁੰਦੇ ਹਨ ਅਤੇ ਪਿਆਰ ਮੁਹੱਬਤ ਦੀਆਂ ਸਾਂਝਾਂ ਨੂੰ ਵਧਾਉਣ ਵਾਲੇ ਲੋਕ ਵੱਧ ਹੁੰਦੇ ਹਨ।

ਇਹ ਨਾਵਲ ਦੋਨਾਂ ਮੁਲਕਾਂ ਪਾਕਿਸਤਾਨ ਤੇ ਭਾਰਤ ਵਿਚਲੇ ਖਾਸ ਤੌਰ ਚੜਦੇ ਪੰਜਾਬ ਤੇ ਲਹਿੰਦੇ ਪੰਜਾਬ ਦੇ ਲੋਕਾਂ ਦੇ ਦੁਖਾਂਤ ਦੀਆਂ ਉਹਨਾਂ ਪ੍ਰਸਥਿਤੀਆਂ ਦਾ ਚਸ਼ਮਦੀਦ ਗਵਾਹ ਬਣਦਾ ਹੈ ਜਿਨਾਂ ਦੀ ਇੱਜਤ ਅਣਖ ਆਬਰੂ ਫਿਰਕਾਪ੍ਰਸਤੀ ਦੀ ਭੇਟ ਚੜ੍ਹ ਗਏ। ਇਹਨਾਂ ਤੋਂ ਇਲ-ਾਵਾ ਤੇਜਾ ਸਿੰਘ ਤਿਲਕ ਜੁਗਰਾਜ ਧੌਲਾ ਕੰਵਰਜੀਤ ਭੱਠਲ ਸੰਪਾਦਕ ਕਲਾਕਾਰ ਦਰਸ਼ਨ ਸਿੰਘ ਗੁਰੂ ਡਾ ਭੁਪਿੰਦਰ ਸਿੰਘ ਬੇਦੀ ਜਗਤਾਰ ਸਿੰਘ ਕੱਟੂ ਹਾਕਮ ਸਿੰਘ ਰੂੜੇਕੇ ਅਤੇ ਡਾ ਅਮਨਦੀਪ ਸਿੰਘ ਟੱਲੇਵਾਲੀਆ ਨੇ ਇਸ ਨਾਵਲ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਹੋਏ ਕਵੀ ਦਰਬਾਰ ਵਿੱਚ ਜੰਗੀਰ ਸਿੰਘ ਦਿਲਬਰ ਰਘਵੀਰ ਸਿੰਘ ਗਿੱਲ ਕੱਟੂ ਰਾਮ ਸਿੰਘ ਬੀਹਲਾ ਸੁਖਵਿੰਦਰ ਸਿੰਘ ਸਨੇਹ ਸੁਖਦੇਵ ਸਿੰਘ ਔਲਖ ਰਾਜਿੰਦਰ ਸ਼ੌਂਕੀ ਸੁਦਰਸ਼ਨ ਗੁੜੂ ਮਨਦੀਪ ਸ਼ਾਇਰ ਗੁਰਤੇਜ ਸਿੰਘ ਮੱਖਣ ਰਾਮ ਸਿੰਘ ਹਠੂਰ ਡਾ ਗਗਨਦੀਪ ਸਿੰਘ ਸੰਧੂ ਜਗਜੀਤ ਕੌਰ ਢਿਲਵਾਂ ਸੁਖਵਿੰਦਰ ਸਿੰਘ ਆਜ਼ਾਦ ਕੁਲਵੰਤ ਸਿੰਘ ਧਿੰਗੜ ਇਕਬਾਲ ਕੌਰ ਉਦਾਸੀ ਰਜਨੀਸ਼ ਕੌਰ ਬਬਲੀ ਬਘੇਲ ਸਿੰਘ ਧਾਲੀਵਾਲ ਮਾਲਵਿੰਦਰ ਸ਼ਾਇਰ ਸਰੂਪ ਚੰਦ ਹਰੀਗੜ ਸੁਖਵਿੰਦਰ ਸਿੰਘ ਦਾਨਗੜ ਮੇਜਰ ਸਿੰਘ ਗਿੱਲ ਰਾਮ ਸਰੂਪ ਸ਼ਰਮਾ ਤੇਜਿੰਦਰ ਚੰਡਿਹੋਕ ਜਤਿੰਦਰ ਸਿੰਘ ਉਪਲੀ ਇਕਬਾਲ ਦੀਨ ਬਾਠਾਂ ਜੁਗਰ-ਾਜ ਚੰਦ ਰਾਏਸਰ ਚਤਿੰਦਰ ਸਿੰਘ ਰੁਪਾਲ ਡਾ ਉਜਾਗਰ ਸਿੰਘ ਮਾਨ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ।

# ਸਿਵਲ ਡਿਫੈਂਸ ਟ੍ਰੇਨਿੰਗ ਕੈਂਪ ਦੌਰਾਨ 100 ਵਲੰਟੀਅਰਾਂ ਨੇ ਲਈ ਸਿਖਲਾਈ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ-ਕਮ-ਕੰਟਰੋਲਰ ਸਿਵਲ ਡਿਫੈਂਸ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਜ਼ਿਲ੍ਹਾ ਕਮਾਂਡਰ ਪੰਜਾਬ ਹੋਮ ਗਾਰਡਜ਼-ਕਮ-ਅਡੀਸ਼ਨਲ ਕੰਟਰੋਲਰ ਸਿਵਲ ਡਿਫੈਂਸ ਰਵੇਲ ਸਿੰਘ ਵੱਲੋਂ ਮਿਲੇ ਟ੍ਰੇਨਿੰਗ ਪ੍ਰੋਗਰਾਮ ਅਨੁਸਾਰ ਐਸ.ਡੀ.ਐਮ ਗੜ੍ਹਸ਼ੰਕਰ ਹਰਬੰਸ ਸਿੰਘ ਅਤੇ ਤਹਿਸੀਲਦਾਰ ਗੜ੍ਹਸ਼ੰਕਰ ਸੁਖਜਿੰਦਰ ਸਿੰਘ ਦੀ ਮੌਜੂਦਗੀ ਵਿਚ ਕੰਪਨੀ ਕਮਾਂਡਰ ਕਮਾਂਡਰ ਸਿਖਲਾਈ ਕੇਂਦਰ ਪੰਜਾਬ ਹੋਮ ਗਾਰਡਜ਼ ਮਨਿੰਦਰ ਸਿੰਘ ਹੀਰਾ ਅਤੇ ਦਵਿੰਦਰ ਸਿੰਘ ਵੱਲੋਂ ਖਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਸਿਵਲ ਡਿਫੈਂਸ ਦਾ ਟ੍ਰੇਨਿੰਗ ਕੈਂਪ ਲਗਾਇਆ ਗਿਆ। ਟ੍ਰੇਨਿੰਗ ਦੌਰਾਨ ਮੋਕ ਡਰਿੱਲ ਐਕਸਾਈਜ਼ ਕਰਵਾਈ



ਗਈ ਅਤੇ ਐਮਰਜੈਂਸੀ ਹਾਲਾਤ ਵਿਚ ਰੈਸਕਿਊ ਕਰਨ ਟ੍ਰੇਨਿੰਗ ਵੀ ਦਿੱਤੀ ਗਈ। ਇਸ ਟ੍ਰੇਨਿੰਗ ਪ੍ਰੋਗਰਾਮ ਵਿਚ 100 ਵਲੰਟੀਅਰਾਂ ਨੇ ਹਿੱਸਾ ਲਿਆ। ਇਸ ਮੌਕੇ ਰੈੱਡ ਕ੍ਰਾਸ ਸੁਸਾਇਟੀ ਵੱਲੋਂ ਸੰਜੀਵਨ ਸਿੰਘ ਨੇ ਪੱਟੀਆਂ ਅਤੇ ਮੁੱਢਲੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸੈਕਟਰ ਵਾਰਡਨ, ਸਿਵਲ ਡਿਫੈਂਸ ਹੁਸ਼ਿਆਰਪੁਰ ਪ੍ਰਮੋਦ ਕੁਮਾਰ ਅਤੇ ਦਫ਼ਤਰੀ ਸਟਾਫ਼ ਮੌਜੂਦ ਸੀ।

# ਅਕਾਲੀ ਦਲ ਨੂੰ ਵੱਡਾ ਝੱਟਕਾ ਪਿੰਡ ਪੈਂਸਰਾ ਤੋਂ ਯੂਥ ਆਗੂ ਪਰਮਿੰਦਰ ਸਿੰਘ ਤੇ ਗ੍ਰਾਮ ਪੰਚਾਇਤ ਆਪ ਵਿੱਚ ਸ਼ਾਮਿਲ

**ਹੁਸ਼ਿਆਰਪੁਰ/ਗੜ੍ਹਸ਼ੰਕਰ (ਬਲਵੀਰ ਚੋਪੜਾ)** ਸ. ਜੈ ਕ੍ਰਿਸ਼ਨ ਸਿੰਘ ਰੌੜੀ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਤੇ ਹਲਕਾ ਵਿਧਾਇਕ ਦੀ ਅਗਵਾਈ 'ਚ ਗੜ੍ਹਸ਼ੰਕਰ ਹਲਕੇ ਦੇ ਪਿੰਡ ਪੈਂਸਰਾ ਤੋਂ ਯੂਥ ਆਗੂ ਪਰਮਿੰਦਰ ਸਿੰਘ ਅਤੇ ਗ੍ਰਾਮ ਪੰਚਾਇਤ ਆਮ ਆਦਮੀ ਪਾਰਟੀ ਵਿੱਚ ਹੋਈ ਸ਼ਾਮਿਲ। ਇਸ ਮੌਕੇ ਪਿੰਡ ਦੀ ਮਹਿਲਾ ਸਰਪੰਚ ਹਰਪ੍ਰੀਤ ਕੌਰ ਦੇ ਪਤੀ ਪਰਮਜੀਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਹਲਕਾ ਵਿਧਾਇਕ ਰੌੜੀ ਵੱਲੋਂ ਲਗਾਤਾਰ ਕੀਤੇ ਜਾ ਰਹੇ ਵਿਕਾਸ ਦੇ ਕੰਮਾਂ ਨੂੰ ਦੇਖਦੇ ਹੋਏ ਉਹਨਾਂ ਆਮ ਆਦਮੀ ਦੀ ਬਾਂਹ ਫੜੀ ਹੈ। ਉਹਨਾਂ ਕਿਹਾ ਕਿ ਹਲਕਾ ਵਿਧਾਇਕ ਸ.ਜੈ ਕ੍ਰਿਸ਼ਨ ਸਿੰਘ ਰੌੜੀ ਇੱਕ ਅਜਿਹੇ ਆਗੂ ਹਨ ਜੋ ਸਾਡੇ ਏਰੀਆ ਦੀ ਤਰੱਕੀ ਲਈ ਲਗਾਤਾਰ ਕੰਮ ਕਰ ਰਹੇ ਹਨ। ਉਹਨਾਂ ਕਿਹਾ ਕਿ ਆਮ



ਆਦਮੀ ਪਾਰਟੀ ਆਪਣੇ ਕੀਤੇ ਸਾਰੇ ਵਾਅਦਿਆਂ ਤੇ ਖਰੀ ਉਤਰ ਰਹੀ ਹੈ। ਇਸ ਮੌਕੇ ਰੌੜੀ ਵੱਲੋਂ ਉਨਾਂ ਦਾ ਪਾਰਟੀ ਵਿੱਚ ਆਉਣ ਤੇ ਭਰਮਾ ਸਵਾਗਤ ਕੀਤਾ ਗਿਆ।ਇਸ ਮੌਕੇ ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਮੇਸ਼ਾ ਹੀ ਲੋਕ ਪੱਖੇ ਕੰਮ ਕੀਤੇ ਹਨ ਅਤੇ ਕਰਦੀ ਰਹੇਗੀ। ਇਸ ਮੌਕੇ ਰੌੜੀ ਨੇ ਪਿੰਡ ਪੈਂਸਰਾ ਦੀ ਸਾਰੀ ਗ੍ਰਾਮ ਪੰਚਾਇਤ ਤੇ ਯੂਥ ਆਗੂ ਪਰਮਿੰਦਰ ਸਿੰਘ ਦਾ ਦਿਲੋਂ ਸਵਾਗਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ ।ਉਹਨਾਂ ਕਿਹਾ ਕਿ ਆਪ ਸਰਕਾਰ ਪੰਜਾਬ ਦੇ ਵਿਕਾਸ ਦੀ ਸੋਚ ਰੱਖਣ ਵਾਲੇ ਹਰ ਪੰਜਾਬੀ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ। ਙ ਇਸ ਮੌਕੇ ਡਿਪਟੀ ਸਪੀਕਰ ਅਤੇ ਹਲਕਾ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੌੜੀ ਤੋਂ ਇਲਾਵਾ ਸਾਬਕਾ ਸਰਪੰਚ ਪਰਮਿੰਦਰ ਸਿੰਘ, ਸਰਪੰਚ ਪਰਮਜੀਤ , ਸਾਬਕਾ ਪੰਚ ਕਰਮ ਸਿੰਘ , ਗੁਰਦੀਪ ਸਿੰਘ, ਪੰਚ ਰਾਜਿੰਦਰ ਕੁਮਾਰ ਪਿੰਡ ਪੈਂਸਰਾ ਸ਼ਾਮਿਲ ਹੋਏ।

## ਡਿਸਏਬਲਡ ਪਰਸਨਜ ਵੈਲਫੇਅਰ ਸੁਸਾਇਟੀ ਨੇ ਸੁਣਨ ਤੋਂ ਅਸਮਰਥ ਬੱਚਿਆਂ ਦੇ ਟੈਸਟ ਕਰਵਾਉਣ ਲਈ ਦਸ ਹਜਾਰ ਰੁਪਏ ਦਾ ਚੈੱਕ ਦਿੱਤਾ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)**-ਡਿਸਏਬਲਡ ਪਰਸਨਜ ਵੈਲਫੇਅਰ ਸੁਸਾਇਟੀ ਦੀ ਮੀਟਿੰਗ ਪ੍ਰਧਾਨ ਸੰਦੀਪ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸੁਣਨ ਤੋਂ ਅਸਮਰੱਥ 17 ਬੱਚਿਆਂ ਦੇ ਟੈਸਟ ਕਰਵਾਉਣ ਲਈ ਦਸ ਹਜਾਰ ਰੁਪਏ ਦਾ ਚੈੱਕ ਸੁਸਾਇਟੀ ਵਲੋਂ ਹੇਅਰ ਐਂਡ ਸਪੀਚ ਸੈਂਟਰ ਨੂੰ ਦਿੱਤਾ ਗਿਆ। ਇਸ ਮੌਕੇ ਦਾ ਪ੍ਰਧਾਨ ਸੰਦੀਪ ਸ਼ਰਮਾ ਨੇ ਕਿਹਾ ਕਿ ਸੁਸਾਇਟੀ ਦਿਵਿਆਂਗ



ਵਿਅਕਤੀਆਂ ਦੀ ਭਲਾਈ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ। ਇਸ ਮੌਕੇ ਸੰਦੀਪ ਸ਼ਰਮਾ, ਡੌਲੀ ਚੀਮਾ ਸੁਰਜੀਤ ਗੈਸ ਏਜੰਸੀ, ਰਾਜ ਕੁਮਾਰ, ਸੁਖਜਿੰਦਰ ਸਿੰਘ, ਰਜੀਵ ਕੁਮਾਰ, ਦੀਪਕ ਸ਼ਰਮਾ, ਅਨੁਰਾਧਾ, ਗੁਰਪ੍ਰੀਤ ਸਿੰਘ, ਰਾਜਦੀਪ ਸਿੰਘ, ਪ੍ਰਭਜੋਤ ਸਿੰਘ, ਸਤਵਿੰਦਰ ਸੋਨੂ, ਯੋਗਰਾਜ, ਕੁਲਜੀਤ ਬੰਗੜ ਅਤੇ ਜਸਵਿੰਦਰ ਸਿੰਘ ਸਹੋਤਾ ਆਦਿ ਹਾਜ਼ਰ ਸਨ।

# ਸਾਹਿਤ ਸਮਾਜ

## ਐਕਸ 'ਤੇ ਬਿਗ ਬੀ ਨੇ ਆਪ੍ਰੇਸ਼ਨ ਸਿੰਦੂਰ 'ਤੇ ਚੁੱਪੀ ਤੋੜੀ

ਅਮਿਤਾਭ ਬੱਚਨ ਨੇ ਆਪ੍ਰੇਸ਼ਨ ਸਿੰਦੂਰ ਬਾਰੇ ਇੱਕ ਲੰਮਾ, ਭਾਵੁਕ ਅਤੇ ਸ਼ਕਤੀਸ਼ਾਲੀ ਨੋਟ ਲਿਖਿਆ, ਜਿਸ ਵਿੱਚ ਉਸ ਔਰਤ ਦਾ ਜ਼ਿਕਰ ਕੀਤਾ ਗਿਆ ਜਿਸਨੇ ਆਪਣੇ ਪਤੀ ਨੂੰ ਗੁਆ ਦਿੱਤਾ ਅਤੇ ਇੱਕ ਅੱਤਵਾਦੀ ਨੂੰ ਉਸਨੂੰ ਵੀ ਮਾਰਨ ਲਈ ਕਿਹਾ।

ਬੱਚਨ ਨੇ ਪੋਸਟ ਵਿੱਚ ਆਪਣੇ ਪਿਤਾ ਦੀ ਕਵਿਤਾ ਸਾਂਝੀ ਕੀਤੀ। ਉਨ੍ਹਾਂ ਦੀ ਪੋਸਟ ਪਹਿਲਗਾਮ ਅੱਤਵਾਦੀ ਹਮਲੇ ਤੋਂ ਲਗਭਗ 20 ਦਿਨ ਬਾਅਦ ਆਈ ਹੈ। ਐਕਸ 'ਤੇ 20 ਦਿਨਾਂ ਤੋਂ ਵੱਧ ਖਾਲੀ ਪੋਸਟਾਂ ਦੀ ਇੱਕ ਲੜੀ ਸਾਂਝੀ ਕਰਨ ਤੋਂ ਬਾਅਦ, ਭਾਰਤ ਦੇ ਮੈਗਾਸਟਾਰ ਨੇ ਆਪ੍ਰੇਸ਼ਨ ਸਿੰਦੂਰ, ਪਾਕਿ-ਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਅੱਤਵਾਦੀ ਕੇਂਦਰਾਂ 'ਤੇ ਭਾਰਤ ਦੇ ਸਟੀਕ ਹਮਲੇ ਬਾਰੇ ਇੱਕ ਲੰਮਾ ਨੋਟ ਲਿਖਿਆ।

ਬੱਚਨ ਜੋ ਐਕਸ 'ਤੇ ਆਪਣੀਆਂ ਆਮ ਤੌਰ 'ਤੇ ਵਿਅੰਗਾਤਮਕ, ਦਿਲਚਸਪ ਪੋਸਟਾਂ ਰਾਹੀਂ ਰੁਝਾਨ ਵਾਲੇ ਮੁੱਦਿਆਂ 'ਤੇ ਪ੍ਰਤੀਬਿੰਬਤ ਕਰਨ ਲਈ ਜਾਣੇ ਜਾਂਦੇ ਹਨ। ਇਸ ਵਾਰ, ਉਨ੍ਹਾਂ ਨੇ ਆਪਣੇ ਪਿਤਾ, ਸਵਰਗੀ ਮਹਾਨ ਵਿਦਵਾਨ ਅਤੇ ਕਵੀ, ਹਰਿਵੰਸ਼ ਰਾਏ ਬੱਚਨ ਦੀ ਭਾਰਤੀ ਹਥਿਆਰਬੰਦ ਸੈਨਾਵਾਂ ਦੀ ਪ੍ਰਸ਼ੰਸਾ ਕਰਨ ਲਈ ਕਵਿਤਾ ਸਾਂਝੀ ਕੀਤੀ।

ਉਨ੍ਹਾਂ ਨੇ ਪਹਿਲਾਂ 22 ਅਪ੍ਰੈਲ ਦੀ ਪਹਿਲਗਾਮ ਘਟਨਾ ਦਾ ਵਰਣਨ ਕੀਤਾ, ਜਿਸ ਵਿੱਚ 26 ਮਾਸੂਮ ਜਾਨਾਂ ਗਈਆਂ, ਜਿਨ੍ਹਾਂ ਵਿੱਚ ਜ਼ਿਆਦਾਤਰ ਸੈਲਾਨੀ ਸਨ, ਜਿਨ੍ਹਾਂ ਵਿੱਚ ਇੱਕ ਨੇਪਾਲੀ ਵੀ ਸ਼ਾਮਲ ਸੀ। ਬਿੱਗ ਬੀ, ਜਿਵੇਂ ਕਿ ਉਹਨਾਂ ਨੂੰ ਆਮ ਤੌਰ 'ਤੇ ਕਿਹਾ ਜਾਂਦਾ ਹੈ, ਨੇ ਇਸ ਘਟਨਾ ਬਾਰੇ ਉਸ ਔਰਤ ਦੇ ਦ੍ਰਿਸ਼ਟੀਕੋਣ ਤੋਂ ਲਿਖਿਆ ਜਿਸਨੇ ਆਪਣੇ ਪਤੀ ਨੂੰ ਇੱਕ ਅੱਤਵਾਦੀ ਦੁਆਰਾ ਬਹੁਤ ਦੂਰੋਂ ਮਾਰਿਆ ਜਾਂਦਾ ਦੇਖਿਆ। 82 ਸਾਲਾ ਬਜ਼ੁਰਗ ਨੇ 'ਜੈ ਹਿੰਦ' ਅਤੇ 'ਜੈ ਹਿੰਦ ਕੀ ਸੈਨਾ' ਲਿਖੀ, ਜਿਸ ਤੋਂ ਬਾਅਦ ਰਾਏ ਦੀ ਮਸ਼ਹੂਰ ਕਵਿਤਾ ਲਿਖੀ, ਜਿਸਨੂੰ ਉਹਨਾਂ ਦੀ ਫਿਲਮ 'ਅਗਨੀਪਥ' ਦੇ ਹਿੱਸੇ ਵਜੋਂ ਵੀ ਵਰਤਿਆ ਗਿਆ ਸੀ। ਛੁੱਟੀਆਂ ਮਨਾਉਂਦੇ ਸਮੇਂ, ਉਸ ਰਾਖਸ਼ ਨੇ ਇੱਕ ਮਾਸੂਮ ਪਤੀ-ਪਤਨੀ ਨੂੰ ਬਾਹਰ ਘਸੀਟਿਆ, ਪਤੀ ਨੂੰ ਨੰਗਾ ਕਰ ਦਿੱਤਾ, ਅਤੇ ਆਪਣੇ ਘਿਣਾਉਣੇ ਧਾਰਮਿਕ ਇਰਾਦਿਆਂ ਨੂੰ ਪੂਰਾ ਕਰਨ ਤੋਂ ਬਾਅਦ, ਜਦੋਂ ਉਸਨੇ ਪਤੀ ਨੂੰ ਗੋਲੀਆਂ ਮਾਰਨੀਆਂ ਸ਼ੁਰੂ ਕੀਤੀਆਂ, ਤਾਂ ਪਤਨੀ ਨੇ ਗੋਡਿਆਂ ਭਾਰ ਡਿੱਗ ਕੇ ਹੰਝੂਆਂ ਨਾਲ ਬੇਨਤੀ ਕਰਦੀ ਹੈ ਕਿ ਉਹ ਉਸਦੇ ਪਤੀ ਨੂੰ ਨਾ ਮਾਰੇ; ਫਿਰ ਵੀ, ਉਸ ਕਾਇਰ ਰਾਖਸ਼ ਨੇ, ਬਹੁਤ ਹੀ ਬੇਰਹਿਮੀ ਨਾਲ, ਪਤੀ ਨੂੰ ਗੋਲੀ ਮਾਰ ਦਿੱਤੀ, ਜਿਸ ਨਾਲ ਪਤਨੀ ਵਿਧਵਾ ਹੋ ਗਈ !!

ਜਦੋਂ ਪਤਨੀ ਨੇ ਕਿਹਾ, "ਮੈਨੂੰ ਵੀ ਮਾਰ ਦਿਉ"

ਰਾਖਸ਼ ਨੇ ਜਵਾਬ ਦਿੱਤਾ, "ਨਹੀਂ!

ਤੁਸੀਂ ਜਾ ਕੇ ਦੱਸੋ

ਧੀ ਦੀ ਮਾਨਸਿਕ ਸਥਿਤੀ ਬਾਰੇ ਸੋਚਦੇ ਹੋਏ, ਸਤਿਕਾਰਯੋਗ ਬਾਬੂਜੀ ਦੀ ਕਵਿਤਾ ਦੀ ਇੱਕ ਲਾਈਨ ਯਾਦ ਆਈ:

ਜਿਵੇਂ ਉਹ ਧੀ - ਕੋਲ ਗਈ ਅਤੇ ਕਿਹਾ:

"ਚਾਈ ਦੀ ਰਾਖ ਹੱਥਾਂ ਵਿੱਚ ਲੈ ਕੇ, ਮੈਂ ਦੁਨੀਆ ਤੋਂ ਸਿੰਦੂਰ ਮੰਗਦੀ ਹਾਂ" ..

(ਬਾਬੂਜੀ ਦੀ ਲਾਈਨ)

ਫਿਰ "

ਉਸਨੂੰ ਸਿੰਦੂਰ ਦਿੱਤਾ !!

ਆਪਰੇਸ਼ਨ ਸਿੰਦੂਰ !!!

ਭਾਰਤ ਦੀ ਜਿੱਤ

ਭਾਰਤ ਦੀ ਫੌਜ ਦੀ ਜਿੱਤ

ਤੁਸੀਂ ਕਦੇ ਨਹੀਂ ਰੁਕੋਗੇ; ਤੁਸੀਂ ਕਦੇ ਪਿੱਛੇ ਨਹੀਂ ਹਟੋਗੇ; ਤੁਸੀਂ ਕਦੇ ਨਹੀਂ ਝੁਕੋਗੇ

ਸਹੁੰ ਖਾਉ, ਸਹੁੰ ਖਾਓ, ਸਹੁੰ ਖਾਓ!

ਅੱਗ ਦਾ ਰਸਤਾ! ਅੱਗ ਦਾ ਰਸਤਾ! ਅੱਗ ਦਾ ਰਸਤਾ !!!

ਬੱਚਨ ਦੀ ਅੱਜ ਤੋਂ ਪਹਿਲਾਂ ਐਕਸ 'ਤੇ ਆਖਰੀ ਪੋਸਟ 22 ਅਪ੍ਰੈਲ ਨੂੰ ਕਸ਼ਮੀਰ ਦੇ ਪ੍ਰਸਿੱਧ ਬੈਸਨ ਮੈਦਾਨ 'ਤੇ ਹੋਏ ਅੱਤਵਾਦੀ ਹਮਲੇ ਤੋਂ ਪਹਿਲਾਂ ਸੀ। ਉਸਨੇ ਕਦੇ ਵੀ ਆਪਣੇ ਫੈਸਲੇ ਬਾਰੇ ਗੱਲ ਨਹੀਂ ਕੀਤੀ, ਪਰ ਫਾਲੋਅਰਜ਼ ਨੂੰ ਹੈਰਾਨ ਕਰ ਦਿੱਤਾ ਕਿ ਉਹ ਸਿਰਫ਼ ਕੁਝ ਨੰਬਰਾਂ ਨਾਲ ਕਾਲੀਆਂ ਪੋਸਟਾਂ ਕਿਉਂ ਬਣਾਉਂਦਾ ਰਹਿੰਦਾ ਹੈ ਜੋ ਉਹ ਆਮ ਤੌਰ 'ਤੇ ਐਕਸ 'ਤੇ ਸੰਗਠਿਤ ਰਹਿਣ ਲਈ ਵਰਤਦਾ ਹੈ।

ਇਸ ਪੋਸਟ ਨਾਲ ਬੱਚਨ ਹੁਣ ਆਮਿਰ ਖਾਨ, ਸੈਫ ਅਲੀ ਖਾਨ, ਰਣਵੀਰ ਸਿੰਘ, ਸਿਧਾਰਥ ਮਲਹੋਤਰਾ, ਜਾਨ੍ਹਵੀ ਕਪੂਰ, ਕੰਗਨਾ ਰਣੌਤ, ਰਜਨੀਕਾਂਤ, ਮਾਮੂਟੀ, ਇਮਰਾਨ ਹਾਸ਼ਮੀ ਅਤੇ ਭਾਰਤੀ ਫਿਲਮ ਇੰਡਸਟਰੀ ਦੇ ਹੋਰ ਮਸ਼ਹੂਰ ਹਸਤੀਆਂ ਵਿੱਚ ਸ਼ਾਮਲ ਹੋ ਗਏ ਜਿਨ੍ਹਾਂ ਨੇ ਪਹਿਲਮ ਹਮਲੇ 'ਤੇ ਆਪਣਾ ਗੁੱਸਾ ਪ੍ਰਗਟ ਕੀਤਾ, ਅਤੇ ਬਾਅਦ ਵਿੱਚ ਸਰਕਾਰ ਅਤੇ ਭਾਰਤੀ ਰੱਖਿਆ ਬਲਾਂ ਦੀ ਸ਼ਲਾਘਾ ਕੀਤੀ ਕਿ ਉਨ੍ਹਾਂ ਨੇ ਸਟੀਕ ਹਮਲੇ ਨਾਲ ਜਵਾਬ ਦਿੱਤਾ, 7 ਮਈ ਨੂੰ ਨੌਂ ਅੱਤਵਾਦੀ ਥਾਵਾਂ ਨੂੰ ਤਬਾਹ ਕਰ ਦਿੱਤਾ। ਇਸ ਦੌਰਾਨ, ਸ਼ਨੀਵਾਰ ਸ਼ਾਮ ਨੂੰ ਪਹਿਲਾਂ, ਵਿਦੇਸ਼ ਸਕੱਤਰ ਵਿਕਰਮ ਮਿਸ਼ਰੀ ਨੇ ਐਲਾਨ ਕੀਤਾ ਕਿ ਦੋਵਾਂ ਦੇਸ਼ਾਂ ਦੇ ਡਾਇਰੈਕਟਰ ਜਨਰਲ ਆਫ਼ ਮਿਲਟਰੀ ਆਪ੍ਰੇਸ਼ਨਜ਼ ਵਿਚਕਾਰ ਗੱਲਬਾਤ ਤੋਂ ਬਾਅਦ, ਭਾਰਤ ਅਤੇ ਪਾਕਿਸਤਾਨ ਸ਼ਨੀਵਾਰ ਸ਼ਾਮ 5 ਵਜੇ ਤੋਂ ਜ਼ਮੀਨ, ਹਵਾ ਅਤੇ ਸਮੁੰਦਰ 'ਤੇ ਸਾਰੀਆਂ ਗੋਲੀਬਾਰੀ ਅਤੇ ਫੌਜੀ ਕਾਰਵਾਈਆਂ ਬੰਦ ਕਰਨ 'ਤੇ ਸਹਿਮਤ ਹੋਏ ਹਨ।



**SURJIT SINGH FLORA**
**Surijt Singh Florai s a veteran journailst and freelance wirter basedi n Brampton, Canada**
**SURJIT SINGH FLORA**
**6 Havelock Dirve,**
**Brampton, ON**
**L6W 4A5 Canada**
**647-829-9397**

# ਸਿੱਧਾ ਬੰਦਾ ਸਿੱਧੀ ਗੱਲ

ਭਾਰਤ ਪਾਕਿ ਜੰਗ ਬੰਦ। ਆਉ ਫੇਸਬੁੱਕੀਉ ਆਪਾਂ ਫਿਰ ਫੇਸਬੁੱਕ ਤੇ ਨਜ਼ਾਰੇ ਲਈਏ।

ਇਹ ਕਹਾਣੀ ਪਰਮ ਪਿਆਰੀ ਮਿੱਤਰ,ਬੀਬੀ ਪਰਮਿੰਦਰ ਕੌਰ ਹੈਰਫੋਰਡ ਨੂੰ ਸਮਰਪਤ। ਬੋਚੀ ਵੇ ਜੀਜਾ,ਘਰ ਦੀ ਨਾਰ ਬਣਾ ਕੇ।

ਕਾਫੀ ਪੁਰਾਣੀ ਗੱਲ ਐਂ, ਛਿੰਦੋ ਨੂੰ ਬੱਚਾ ਹੋਣ ਵਾਲਾ ਸੀ। ਰੋਟੀ ਟੁੱਕ ਦਾ ਵੀ ਔਖਾ ਹੋ ਗਿਆ ਸੀ। ਹਾਰਕੇ ਆਪਣੇ ਘਰ ਵਾਲੇ ਜੰਟੇ ਨੂੰ ਪੇਕੀਂ ਭੇਜਿਆ ਕਿ ਉਹਦੀ ਛੋਟੀ ਭੈਣ ਨੂੰ ਜਾਪਾ ਕਟਾਉਣ ਲਈ ਲੈ ਆਵੇ। ਓਹਨਾਂ ਦਿਨਾਂ ਚ ਸਾਧਨਾਂ ਦੀ ਘਾਟ ਸੀ ਲੋਕ ਪੈਦਲ ਈ ਆਉਂਦੇ ਜਾਂਦੇ ਹੁੰਦੇ ਰਿਸ਼ਤੇਦਾਰੁਆਂ ਵਿੱਚ।ਜੰਟਾ ਆਪਣੀ ਜਵਾਨ ਜਹਾਨ ਸਾਲੀ ਫਿਨੋ ਨੂੰ ਲੈ ਕੇ ਚੱਲ ਪਿਆ। ਅਉਂਣ ਲੱਗੇ ਨੂੰ ਓਸਦੀ ਸੱਸ ਨੇ ਅਆਪਣੀ ਕੁੜੀ ਲਈ ਹੋਰ ਸਮਾਨ ਦੇ ਨਾਲ ਨਾਲ ਇੱਕ ਬੱਕਰੀ ਤੇ ਮੁਰਗੀ ਵੀ ਦੇ ਦਿੱਤੀ ਕਿ ਚਲੋ ਕੁੜੀ ਨੂੰ ਚੰਗੀ ਖੁਰਾਕ ਦੀ ਲੋੜ ਐ।

ਮੁੜਦਿਆਂ ਨੂੰ ਰਾਹ ਚ ਹਨੇਰਾ ਹੋ ਗਿਆ। ਚੰਨ ਚਾਨਣੀ ਰਾਤ.......ਜੀਜਾ ਸਾਲੀ ਤੁਰੇ ਜਾਣ ... ਚਲੋ ਚਾਲ .....!

ਫਿਨੋ ਬੋਲਦੀ ਹੈ।

.'ਵੇ ਜੀਜਾ !..'

ਅਖੇ......' ਹੋਅ' ?

"ਵੇ ਦੇਖੀਂ ,ਮੈਨੂੰ ਤਾਂ ਬਲਾਈ ਡਰ ਲੱਗੀ ਜਾਂਦਾਂ"

"ਲੈ ਡਰਨ ਆਲੀ ਕਿਹੜੀ ਗੱਲ ਐ ...ਜਦੋਂ ਮੈ ਤੇਰੇ ਨਾਲ ਹਾਂ " ਜੀਜਾ ਬੋਲਿਆ।

" ਲੈਅ ਹੈਂਅ ਜੀਜਾ , ਤੇਰਾ ਕੀ ਵਸਾਹ...? ਕੀ ਪਤਾ ਤੂੰ ਈ ਕੋਇ ਐਸੀ ਵੈਸੀ ਹਰਕਤ ਕਰ ਦੇਂ ?

"" ਮੇਰੀ ਤਾਂ ਜਾਹ ਜਾਂਦੀ ਹੋ ਜੂ....ਏਸ ਓਜਾੜ ਚ ਤਾਂ ਨਾ ਕੋਈ ਵੇਖਣ ,ਅਲਾ ਨਾਂ ਛੁਡਾਉਣ ਆਲਾ....ਬੰਦਾ ਨਾਂ ਪਰਿੰਦਾ"

ਜੰਟਾ ਬੋਲਦੈ...." ਮੈ ਕਿਵੇਂ ਕਰਦੂੰ ਭਲਾ ?..ਮੇਰੇ ਇੱਕ ਹੱਥ ਚ ਬੱਕਰੀ ਆਲਾ ਰੱਸੈ ...ਦੂਜੇ ਹੱਥ ਚ ਸੋਟੀ ਤੇ ਬਾਲਟੀ ਐ। ਕੱਛ ਚ ਮੈਂ ਮੁਰਗੀ ਦਿੱਤੀ ਹੋਈ ਹੈ ਮੇਰਾ ਤਾਂ ਉਂ ਈ ਹੱਥ ਨੀ ਕੋਈ ਵਿਹਲਾ।"

"ਲੈਅ ...ਜੀਜਾ ਤੇਰਾ ਕੀਅ ਐ ? ਤੂੰ ਸਕੀਮ ਲਾ ਲਵੇਂ । ਡਾਂਗ ਦਾ ਕਿੱਲਾ ਧਰਤੀ ਚ ਗੱਡ ਕੇ ਉਹਦੇ ਨਾਲ ਬੱਕਰੀ ਬੰਨ ਦੇਂਵੇਂ । ਮੁਰਗੀ ਬਾਲਟੀ ਥੱਲੇ ਦੇ ਦੇਵੇਂ ਫੇਰ ਤਾਂ ਤੂੰ ਕੋਈ ਸ਼ਰਾਰਤ ਕਰ ਈ ਸਕਦੈਂ ..?"

ਭੋਲਾ ਜੰਟਾ ਅੱਜ ਵੀ ਇਹ ਗੱਲ ਯਾਦ ਕਰ ਕੇ ਅੱਖਾਂ ਭਰ ਅਉਂਦੇ " ਸਾਲਾ ਮੈਂ ਸੱਚੀਓਂ ...ਡਰ .. ਸਮਝਦਾ ਰਿਹਾ।"

ਭੋਲਾ ਜੀਜਾ।

ਮੈਂ ਨਹੀ ਬਲਜੀਤ ਸਿਧੂ।



ਪੇਸ਼ਕਰਤਾ ;ਜੋਗਿੰਦਰ ਬਾਠ ਹੌਲੇਂਡ।






# ਜੇਤਵਨ ਬੁੱਧ ਵਿਹਾਰ ਮੁਹੱਲਾ ਡਾਕਟਰ ਅੰਬੇਡਕਰ ਨਗਰ (ਨਵੀਂ ਆਬਾਦੀ) ਨਕੋਦਰ ਵਿਖੇ ਬੁੱਧ ਪੂਰਨਿਮਾ ਮਨਾਈ ਗਈ

**ਨਕੋਦਰ।** ਮਿਤੀ 12 ਮਈ 2025 ਨੂੰ ਜੇਤਵਨ ਬੁੱਧ ਵਿਹਾਰ ਮੁਹੱਲਾ ਡਾਕਟਰ ਅੰਬੇਡਕਰ ਨਗਰ (ਨਵੀਂ ਆਬਾਦੀ) ਨਕੋਦਰ ਵਿਖੇ ਬੁੱਧ ਪੂਰਨਿਮਾ ਮਨਾਈ ਗਈ ਜਿਸ ਵਿੱਚ ਮੁਹੱਲਾ ਨਿਵਾਸੀ ਅਤੇ ਛੋਟੇ ਛੋਟੇ ਬੱਚਿਆਂ ਨੇ ਹਿੱਸਾ ਲਿਆ ਅਤੇ ਨਾਲ ਨਾਲ ਬੱਚਿਆਂ ਨੇ ਕਵਿਤਾਵਾਂ ਰਾਹੀਂ ਆਪਣੀ ਗੱਲ ਰੱਖੀ। ਇਸ ਬੁੱਧ ਪੂਰਨਿਮਾ ਵਾਲੇ ਦਿਨ ਸਤਿਕਾਰਯੋਗ ਬਿਹਾਰੀ ਲਾਲ ਗਿੰਡਾ ਜੀ ਹੁਣਾਂ ਨੇ ਗੌਤਮ ਬੁੱਧ ਦੀ ਜੀਵਨੀ ਬਾਰੇ







ਚਾਨਣਾ ਪਾਇਆ। ਮਿਸਟਰ ਦਿਨੇਸ਼ ਚੰਦਰ ਜੀ ਨੇ ਆਪਣੀ ਗੱਲ ਬਹੁਤ ਵਧੀਆ ਤਰੀਕੇ ਨਾਲ ਰੱਖੀ ਅਤੇ ਬੌਧਗਯਾ ਵਿਚ ਮਹਾਂਬੋਧੀ ਮਹਾਂਵਿਹਾਰ ਦੀ ਆਜਾਦੀ ਲਈ ਚਲ ਰਹੇ ਅੰਦੋਲਨ ਵਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ. ਅੰਤ ਵਿੱਚ ਪਰਸ਼ੋਤਮ ਲਾਲ ਚੰਦਰ ਹੁਣਾਂ ਨੇ ਵਿਸਤਾਰ ਪੂਰਵਕ ਆਪਣੀ ਗੱਲ ਰੱਖਦੇ ਹੋਏ ਧਰਮ ਅਤੇ ਧਮ ਦੀ ਵਿਆਖਿਆ ਕਰਦੇ ਹੋਏ ਗੌਤਮ ਬੁੱਧ ਦੀ ਵਿਚਾਰਧਾਰਾ ਦੇ ਨਾਲ ਜੁੜਨ ਦੇ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ ਔਰ ਆਉਣ ਵਾਲੇ ਸਮੇਂ ਦੇ ਵਿੱਚ ਇਸ ਪ੍ਰੋਗਰਾਮ ਨੂੰ ਵੱਡੇ ਪੱਧਰ ਤੇ ਮਨਾਉਣ ਦੇ ਲਈ ਸਾਰਿਆਂ ਨੇ ਆਪਣੀ ਸਹਿਮਤੀ ਜਤਾਈ ।

**ਜੈ ਭੀਮ, ਨਮੋ ਬੁੱਧਾਏ,**
**ਜੈ ਮੂਲਨਿਵਾਸੀ।**








# ਜਨਤਾ ਜੰਗ ਨ੍ਹੀਂ ਚਾਹੁੰਦੀ.....!

ਜਨਤਾ ਜੰਗ ਨ੍ਹੀਂ ਚਾਹੁੰਦੀ,ਅਮਨ ਚਾਹੁੰਦੀ ਏ।ਹਿੰਦੁਸਤਾਨ ਦੇ ਸਬਰ ਨੂੰ,ਕਰਨਾ ਭੰਗ ਚਾਹੁੰਦੀ ਹੈ। ਪਾਕਿਸਤਾਨੀ ਖਾੜਕੂਆਂ ਨੇ,ਪਹਿਲਗਾਮ ਵਿੱਚ ਕੀਤਾ ਕਤਲੇ-ਆਮ। 25 ਸੈਲਾਨੀ ਜੋੜੇ, ਘੁੰਮਣ ਆਏ, ਵਿੱਚ ਪਹਿਲਗਾਮ। ਔਰਤਾਂ ਦੇ ਸਨਮੁੱਖ, ਮਰਦਾਂ ਦੇ ਕੱਪੜੇ ਉਤਰਵਾਕੇ, ਗੋਲੀਆਂ ਨਾਲ, ਭੁੰਨ ਸੁੱਟੇ, ਛਾ ਗਈ ਸਾਰੇ ਪਾਸੇ ਸੁੰਨਸਾਨ। ਘੋੜੇ ਤੇ ਜੋ ਮੁਸਲਮਾਨ, ਘੁੰਮਾ ਰਿਹਾ ਸੀ। ਸੈਲਾਨੀਆਂ ਦੀ, ਮੱਦਦ ਤੇ ਹੱਕ 'ਚ, ਬੋਲ ਰਿਹਾ ਸੀ। ਉਸਨੂੰ ਵੀ ਲਾਈ ਨਾ ਦੇਰ, ਕਰ ਦਿੱਤਾ ਥਾਏਂ ਢੇਰ। ਦੁਰਾਸੀਸਾਂ ਦਿੰਦਾ ਮਰ ਗਿਆ, ਬਹੁੜਿਆ ਨਾ ਕੋਈ ਫੇਰ। ਜਨਤਾ ਜੰਗ ਨ੍ਹੀਂ ਚਾਹੁੰਦੀ..........!

ਹਰ ਰੋਜ਼ ਗੋਲੀਬਾਰੀ,ਸਰਹੱਦ ਪਾਰੋਂ ਲਗਾਤਾਰ ਹੋਈ। ਭਾਰਤ ਵਿੱਚ, ਇਸ ਮਾਤਮ ਤੇ, ਕਿਹੜੀ ਅੱਖ ਸੀ, ਜਿਹੜੀ ਨਹੀਂ ਰੋਈ। ਦੋ ਹਫਤੇ ਬਾਅਦ, ਇੰਡੀਆ ਨੇ ਵੀ ਕੀਤਾ, "ਅਪਰੇਸ਼ਨ ਸੰਧੂਰ"।ਮਿਜ਼ਾਈਲਾਂ-ਡਰੋਨਾਂ ਦਾਗ ਕੇ, ਪਾਕਿਸਤਾਨ ਦਾ ਸ਼ੱਕ ਕੀਤਾ ਦੂਰ। ਫਿਰ ਵੀ ਆਬਾਦੀ ਤੇ ਧਾਰਮਿਕ ਸਥਾਨਾਂ ਤੇ ਨਹੀਂ ਕੀਤਾ ਹਮਲਾ। ਆਤੰਕੀਆਂ ਦੇ ਅੱਡੇ,ਤਬਾਹ ਕਰਨ ਤੇ, ਲਾਇਆ ਹਵਾਈ ਅਮਲਾ। ਫਿਰ ਵਾਰੀ ਆਈ, ਭਾਰਤ ਦੀ, ਪੰਜ ਹਵਾਈ ਅੱਡੇ ਕੀਤੇ ਫਨਾਹ। ਪਾਕਿਸਤਾਨੀ ਲੀਡਰਾਂ ਦੀ ਭੂਤਨੀ ਭੁੱਲਗੀ, ਕਹਿੰਦੇ ਮਾਮਲੇ ਨੂੰ, ਕਰੋ ਰਫਾ ਦਫਾ। ਦੁਨੀਆ ਜੰਗ ਨ੍ਹੀਂ ਚਾਹੁੰਦੀ..............!. ਲੜਾਈ ਤੋਂ, ਤੌਬਾ ਕਰਨ ਲੱਗੇ, ਦੁਨੀਆਂ ਅੱਗੇ ਗੋਡੇ ਟੇਕਤੇ। "ਲੜਾਈ ਬੰਦ ਕਰੋ," ਤੇ ਸਹਿਮਤੀ ਦਿੱਤੀ, ਦੁਨੀਆਂ ਵਾਲੇ, ਰਹੇ ਦੇਖਦੇ।ਟਰੰਪ ਨੇ ਵਿੱਚ-ਵਿਚੋਲਾ ਬਣ ਕੇ, 10ਮਈ,5 ਵਜੇ,ਸਮਝੌਤਾ ਲਾਗੂ ਕਰਵਾਇਆ। ਪਰ ਇਹ ਸਮਝੌਤਾ, ਦੋ ਘੰਟੇ ਹੀ ਰਿਹਾ ਲਾਗੂ, ਫਿਰ ਸਾਰੀ ਰਾਤ,ਮਿਜ਼ਾਇਲਾਂ-ਡਰੋਨਾਂ ਦਾ ਰਿਹਾ ਸਾਇਆ।ਬਲੈਕ ਆਊਟ ਦੌਰਾਨ, ਲੋਕਾਂ ਨੂੰ ਪਈਆਂ ਭਾਜੜਾਂ, ਪਿੰਡਾਂ-ਸ਼ਹਿਰਾਂ 'ਚ, ਸਮਾਨ ਜਮਾਂ ਕਰਨ ਲੱਗੇ। ਜਮਾਂਖੋਰਾਂ, ਬਲੈਕੀਆਂ ਨੂੰ ਲੱਗੀਆਂ ਮੌਜਾਂ, ਧੜਾ ਧੜ ਰੇਟ ਵਧਾਉਣ ਲੱਗੇ।ਜਨਤਾ ਜੰਗ ਨ੍ਹੀਂ ਚਾਹੁੰਦੀ,...............!

**ਅਮਰਜੀਤ ਸਿੰਘ ਤੂਰਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾ ਹਾਲ-ਆਬਾਦ # 639/40ਏ ਚੰਡੀਗੜ੍ਹ। ਫੋਨ ਨੰਬਰ : 9878469639**



# ਮੁਰਝਾਇਆ ਚਿਹਰਾ ਖਿੜ ਉੱਠਿਆ -ਤਰਕਸ਼ੀਲ

**ਸੰਗਰੂਰ।** ਕਈ ਵਾਰ ਕੁੜੀਆਂ ਦੀ ਸਹਿਮਤੀ ਤੋਂ ਬਿਨਾਂ ਮਾਤਾ—ਪਿਤਾ ਆਪ ਹੀ ਆਪਣੀ ਪਸੰਦ ਦਾ ਰਿਸ਼ਤਾ ਚੁਣ ਲੈਂਦੇ ਨੇ।ਕੁੜੀ ਉਸਨੂੰ ਪਸੰਦ ਕਰੇ ਭਾਵੇਂ ਨਾ ਕਰੇ। ।ਪਸੰਦ ਬਹਾਰ ਲਿਆ ਦਿੰਦੀ ਹੈ ਤੇ ਨਾ-ਪਸੰਦ ਨਮੋਸ਼ੀ, ਮਾਨਸਿਕ ਨਿਰਾਸ਼ਾ। ਜਿਹੜੇ ਮਾਪੇ ਲੜਕੀ ਦੀ ਸਹਿਮਤੀ ਨਾਲ, ਖੁੱਲੇ ਵਿਚਾਰਾਂ ਨਾਲ ਦਿਲੋਂ ਉਨ੍ਹਾਂ ਦੀ ਰਾਏ ਨਾਲ ਰਿਸ਼ਤਾ ਕਰਦੇ ਹਨ ਤਾਂ ਵਧੀਆ ਨਿਭਣ ਦੇ ਮੌਕੇ ਵੱਧ ਹੁੰਦੇ ਹਨ।ਦੋਵਾਂ ਦੀ ਪਸੰਦ/ ਸਹਿਮਤੀ ਤੋਂ ਬਿਨਾਂ ਹੋਏ ਵਿਆਹ, ਕਈ ਵਾਰੀ ਅਸਫਲ ਰਹਿੰਦੇ ਹਨ ਤੇ ਘਰ ਨਰਕ ਬਣ ਜਾਂਦਾ ਹੈ । ਕੁੜੀ ਦੇ ਮਨ 'ਤੇ ਬਹੁਤ ਹੀ ਮਾੜਾ ਅਸਰ ਪੈ ਜਾਂਦਾ ਹੈ ਤੇ ਉਹ ਆਪਣੇ ਮਨ ਨਾਲ ਸਮਝੌਤਾ ਨਾ ਕਰਕੇ ਮਾਨਸਿਕ ਗੁੰਝਲਾਂ ਦਾ ਸ਼ਿਕਾਰ ਹੋ ਜਾਂਦੀ ਹੈ।ਪਿਛਲੇ ਸਮੇਂ ਤਰਕਸ਼ੀਲ ਸੁਸਾਇਟੀ ਸੰਗਰੂਰ ਕੋਲ ਇੱਕ ਐਮ.ਏ. ਪਾਸ ਲੜਕੀ ਦਾ ਕੇਸ ਆਇਆ, ਜੋ ਵਿਆਹ ਤੋਂ ਬਾਅਦ ਲਗਪੱਗ ਤਿੰਨ ਸਾਲ ਮੰਜੇ ਤੇ ਹੀ ਪਈ ਰਹੀ।ਉਸ ਕੋਲ ਕੋਈ ਬੱਚਾ ਨਹੀਂ ਸੀ।ਕੁੜੀ ਦਾ ਚਿਹਰਾ ਮੁਰਝਾ ਗਿਆ ਸੀ,ਉਹ ਭਾਰੀ ਨਿਰਾਸ਼ਾ ਦਾ ਸ਼ਿਕਾਰ ਸੀ। ਕੁੜੀ ਨੂੰ ਓਪਰੀ ਚੀਜ਼ ਦਾ ਅਸਰ/ਸਾਇਆ ਸਮਝ ਕੇ ਪਹਿਲਾਂ ਕੁੜੀ ਦੇ ਮਾਪੇ ਅਤੇ ਸਹੁਰੇ ਸਿਆਣਿਆ ਦੇ ਚੱਕਰ ਵਿੱਚ ਪਏ ਰਹੇ ।ਜਿੱਥੇ ਪਤਾ ਚਲਦਾ ,ਬਈ ਫਲਾਣਾ ਸਿਆਣਾ ,ਫਲਾਣਾ ਬਾਬਾ ਧਾਗੇ ਤਵੀਤ ਦਿੰਦਾ ਹੈ, ਜਿਸ ਨਾਲ ਓਪਰੀ ਸ਼ੈਅ ਦਾ ਅਸਰ ਖਤਮ ਕੀਤਾ ਜਾਂਦਾ ਹੈ,ਔਲਾਦ ਹੋ ਜਾਂਦੀ ਹੈ,ਬੰਦਾ ਠੀਕ ਹੋ ਜਾਂਦਾ ਹੈ, ਉੱਥੇ ਹੀ ਚਲੇ ਜਾਂਦੇ । ਤਿੰਨ ਸਾਲਾਂ ਤੱਕ ਸਿਆਣਿਆਂ ਦੇ ਭਰਮ ਜਾਲ ਵਿੱਚ ਫਸੇ ਰਹੇ,ਉਹ ਲੁੱਟਦੇ ਰਹੇ, ਡਰਾਉਂਦੇ,ਭਰਮਾਉਂਦੇ ਰਹੇ,ਇਹ ਲੁੱਟ ਤੇ ਭਰਮ ਦਾ ਸ਼ਿਕਾਰ ਬਣੇ ਰਹੇ।ਬਥੇਰੇ ਧਾਗੇ ਤਵੀਤ ਕਰਵਾਏ, ਰੋਟ ਲਾਏ,ਟੂਣੇ -ਟਾਮਣ ਕੀਤੇ, ਰਾਤ ਨੂੰ ਚੁਰੱਸਤਿਆ 'ਚ ਇਸ਼ਨਾਨ ਕੀਤਾ , ਚਿਰਾਗ ਜਗਾਏ ,ਕੜ੍ਹਾਈਆ ਕੀਤੀਆਂ,ਪਰ ਉਨ੍ਹਾਂ ਦੇ ਘਰ ਬੱਚਾ ਨਾ ਹੋਇਆ।ਕੁੜੀ ਠੀਕ ਨਾ ਹੋਈ। ਲੜਕੀ ਦੇ ਪੇਕੇ ਅਤੇ ਸਹੁਰਿਆਂ ਨੇ ਹਜ਼ਾਰਾਂ ਰੁਪਏ ਖਰਚ ਕਰ ਦਿੱਤੇ ਪਰ ਖਰਚਿਆ ਪੈਸਾ ਰਾਸ ਨਾ ਆਇਆ ।ਅੰਤ ਉਹ ਹਾਰ -ਹੰਭ ਕੇ ਸਿਆਣਿਆਂ ਕੋਲੋਂ ਥੱਕ ਕੇ ਘਰ ਬੈਠ ਗਏ।ਕਿਸੇ ਤਰਕਸ਼ੀਲ ਵਿਚਾਰਾਂ ਦੇ ਧਾਰਨੀ ਨਾਲ ਉਨ੍ਹਾਂ ਦਾ ਵਾਹ ਪਿਆ ਤਾਂ ਉਨ੍ਹਾਂ ਨੇ ਤਰਕਸ਼ੀਲਾਂ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ ।ਪੁੱਛਦੇ — ਪੁਛਾਉਂਦੇ ਲੜਕੀ ਦੇ ਮਾਪੇ ਸਾਡੇ ਕੋਲ ਪਹੁੰਚੇ ।ਉਨ੍ਹਾਂ ਨਾਲ ਲੜਕੀ ਵੀ ਸੀ। ਉਨ੍ਹਾਂ ਨਾਲ ਗੱਲ ਕਰਨ ਤੇ ਪਤਾ ਲੱਗਾ ਕਿ ਜਦੋਂ ਉਹ ਪੜ੍ਹਦੀ ਸੀ ਤਾਂ ਉਹ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ।ਪਹਿਲੀ ਕਲਾਸ ਤੋਂ ਲੈ ਕੇ ਦਸਵੀਂ ਤੱਕ ਉਹ ਆਪਣੇ ਸਕੂਲ ਚੋਂ ਪਹਿਲੇ ਸਥਾਨ ਤੇ ਆਉਂਦੀ ਰਹੀ। ਦਸਵੀਂ ਪਾਸ ਕਰਨ ਤੋਂ ਬਆਦ ਓਸਦੇ ਮਾਪਿਆਂ ਨੇ ਉਸਨੂੰ ਪੜ੍ਹਨੋਂ ਹਟਾ ਲਿਆ।ਲੜਕੀ ਨੂੰ ਬੜੀ ਮਾਯੂਸੀ ਦਾ ਸਾਹਮਣਾ ਕਰਨਾ ਪਿਆ ਪਰ ਹੁਸ਼ਿਆਰ ਹੋਣ ਕਾਰਨ ਉਹ ਟਿਕ ਕੇ ਨਾ ਬੈਠੀ ਅਤੇ ਉਚੇਰੀ ਵਿੱਦਿਆ ਹਾਸਲ ਕਰਨ ਲਈ ਤਰਕੀਬਾਂ ਸੋਚਣ ਲੱਗੀ ।ਬੜੀ ਸੋਚ ਵਿਚਾਰ ਤੋਂ ਬਆਦ ਉਸਨੇ ਪ੍ਰਾਈਵੇਟ ਗਿਆਨੀ ਦਾ ਇਮਤਿਹਾਨ ਦਿੱਤਾ ,ਜਿਸਨੂੰ ਉਹ ਪਹਿਲੇ ਸਾਲ ਵਿੱਚ ਹੀ ਪਾਸ ਕਰ ਗਈ ਅਤੇ ਬਾਅਦ ਵਿੱਚ ਉਸਨੇ ਐਮ.ਏ. ਪਹਿਲੇ ਦਰਜੇ ਵਿੱਚ ਪਾਸ ਕਰ ਗਈ।ਉਸਦੇ ਮਾਪਿਆਂ ਨੇ ਸੋਚਿਆ ਕਿ ਕੁੜੀ ਬਹੁਤ ਪੜ੍ਹ ਗਈ ਹੈ ।ਹੁਣ ਇਸਦਾ ਰਿਸ਼ਤਾ ਕਰ ਦੇਣਾ ਚਾਹੀਦਾ ਹੈ । ਲੜਕੀ ਦੀ ਰਾਇ ਤੋਂ ਬਿਨਾਂ,ਉਨ੍ਹਾਂ ਤਕੜੀ ਜਾਇਦ-ਾਦ ਦੇ ਮਾਲਕ ਦਸਵੀਂ ਪਾਸ ਲੜਕੇ ਨਾਲ ਉਸ ਦਾ ਵਿਆਹ ਕਰ ਦਿੱਤਾ । ਉਸਦੇ ਮਾਪਿਆਂ ਨਾਲ ਕੀਤੀ ਗੱਲਬਾਤ ਤੋਂ ਬਹੁਤ ਸਾਰੀਆਂ ਗੱਲਾਂ ਦਾ ਪਤਾ ਲੱਗਿਆ। ਕੁੜੀ ਨਾਲ ਗੱਲ ਕਰਨ ਤੋਂ ਪਹਿਲਾਂ ਸਾਡੀ ਤਰਕਸ਼ੀਲ ਟੀਮ ਨੇ ਸਿੱਟਾ ਕੱਢਿਆ ਕਿ ਉਸਦੀਆਂ ਰੀਝਾਂ , ਉਸਦੇ ਸੁਪਨੇ,ਪਤੀ ਸਬੰਧੀ ਕੀਤੀਆਂ ਕਲਪਨਾਵਾਂ ,ਧਰੀਆਂ ਧਰਾਈਆਂ ਰਹਿ ਗਈਆਂ ਹਨ। ਉਸ ਸੋਚਿਆ ਹੋਣਾ ਕਿ ਐਮ.ਏ. ਤੱਕ ਐਵੇਂ ਪੜ੍ਹੀ ।ਮਾਪਿਆਂ ਨੇ ਸਿਰਫ ਜਾਇਦਾਦ ਪਿੱਛੇ ਦਸਵੀਂ ਪਾਸ ਲੜਕੇ ਲੜ ਲਾ ਦਿੱਤਾ ।ਜੋ ਕੁੱਝ ਉਹ ਸੋਚਦੀ ਰਹਿੰਦੀ ਸੀ,ਉਸਦੇ ਬਿਲਕੁੱਲ ਉਲਟ ਹੋਇਆ।ਉਸਦੀਆਂ ਭਾਵਨਾਵਾਂ ਨੂੰ ਬਹੁਤ ਸੱਟ ਵੱਜੀ । ਸਾਡੀ ਤਿੰਨ ਮੈਂਬਰੀ ਟੀਮ ਨੇ ਪਹਿਲਾਂ ਲੜਕੀ ਦੇ ਮਾਪਿਆਂ ਤੋਂ ਉਸ ਦੇ ਘਰ ਵਿੱਚ ਉਸ ਨਾਲ ਹੁੰਦੇ ਵਰਤਾਓ ਸਬੰਧੀ ਪੁੱਛਿਆ ਗਿਆ।ਫਿਰ ਉਸਦੇ ਸਹੁਰਿਆਂ ਦੇ ਘਰ ਦੀ ਪੋਜੀਸ਼ਨ ਬਾਰੇ। ਅਖੌਤੀ ਸਿਆਣਿਆਂ ਕੋਲ ਮਾਰੇ ਗੇੜਿਆਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕੀਤੀ।ਉਸਦੇ ਮਾਪੇ—ਸਹੁਰੇ ਆਖਦੇ ਰਹੇ ਕਿ ਅਸੀਂ ਤਾਂ ਕਦੇ ਲੜਕੀ ਝਿੜਕੀ ਵੀ ਨਹੀਂ।ਅਸਲ 'ਚ ਮਾਪਿਆਂ ਨੂੰ ਲੜਕੀ ਦਾ ਦੁੱਖ ਪਤਾ ਹੀ ਨਹੀਂ ਸੀ। ਉਹ ਅਖੌਤੀ ਸਿਆਣਿਆਂ ਦੇ ਚੱਕਰਾਂ ਵਿੱਚ ਪਏ ਰਹੇ।ਜਦੋਂ ਉਸ ਲੜਕੀ ਨੂੰ ਗੱਲਬਾਤ ਲਈ ਇਕੱਲੀ ਨੂੰ ਬੁਲਾਇਆ ਗਿਆ ਤਾਂ ਉਹ ਬਹੁਤ ਉਦਾਸ,ਉਚਾਟ ਤੇ ਨਿਰਾਸ਼ ਸੀ।ਉਸਦੇ ਚਿਹਰੇ ਤੋਂ ਨਿਰਾਸ਼ਤਾ ਦੀ ਝਲਕ ਸਾਫ਼ ਦਿਸਦੀ ਸੀ ਤੇ ਸੁਭਾਅ ਵਿੱਚ ਵੀ ਚਿੜਚਿੜਾਪਣ ਸੀ।ਮਨੋਵਿਗਿਆਨਕ ਤੇ ਵਿਗਿਆਨਕ ਪੱਖੋਂ ਸਾਰਾ ਸਿੱਟਾ ਕੱਢਣ ਤੋਂ ਬਾਅਦ ਉਸ ਨਾਲ ਗੱਲਬਾਤ ਸ਼ੁਰੂ ਕਰਦਿਆ ਮੈਂ ਕਿਹਾ ," ਤੇਰੇ ਮਨ ਨੂੰ ਕੋਈ ਗਹਿਰੀ ਸੱਟ ਵੱਜੀ ਹੈ, ਤੇਰੀਆਂ ਰੀਝਾਂ- ਸੱਧਰਾਂ ਅਧੂਰੀਆਂ ਰਹੀਆਂ ਤੇ ਤੇਰੇ ਸੁਪਨੇ ਟੁੱਟੇ ਲੱਗਦੇ ਹਨ। ਤੇਰਾ ਵਿਆਹ ਤੇਰੀ ਮਰਜ਼ੀ ਵਗੈਰ ਹੋਇਆ ਲੱਗਦੈ।" ਗੱਲਾਂ ਬਾਤਾਂ ਰਾਹੀਂ ਪੂਰੇ ਵਿਸ਼ਵਾਸ ਵਿੱਚ ਲੈਣ ਤੋਂ ਬਾਅਦ ਕੁੱਝ ਸਮਾਂ ਉਹ ਚੁੱਪ ਰਹੀ।ਬਾਅਦ ਵਿੱਚ ਉਸਨੇ ਦੱਸਣਾ ਸ਼ੁਰੂ ਕੀਤਾ ," ਮੈਂ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ।ਦਸਵੀਂ ਕਲਾਸ ਤੱਕ ਤਾਂ ਮੈਂ ਸਕੂਲ ਵਿੱਚ ਪੜ੍ਹਦੀ ਰਹੀ ਤੇ ਬਾਅਦ ਵਿੱਚ ਐਮ.ਏ. ਤੱਕ ਪ੍ਰਾਈਵੇਟ ਪੜ੍ਹੀ ।ਮੇਰਾ ਵਿਆਹ ਮੇਰੀ ਮਰਜ਼ੀ ਦੇ ਉਲਟ ਕੀਤਾ ਗਿਆ ਹੈ। ਮੈਂ ਆਪਣੇ ਜੀਵਨਸਾਥੀ ਦੇ ਉੱਚ ਪੜ੍ਹੇ ਲਿਖੇ ਅਫ਼ਸਰ ਦੇ ਸੁਪਨੇ ਲੈਂਦੀ ਸੀ ਪਰ ਮਾਪਿਆਂ ਨੇ ਸਾਰੇ ਸੁਪਨੇ ਤੋੜ ਸੁੱਟੇ। ਮੇਰਾ ਨਾਪਸੰਦ ਵਿਆਹ ਇੱਕ ਵੱਡਾ ਦੁਖਾਂਤ ਬਣ ਗਿਆ ਹੈ। ਮੈਂ ਐਮ ਏ ਪਾਸ ਹਾਂ,ਇਹ ਦਸਵੀਂ ਪਾਸ।" ਕਹਾਣੀ ਸਪਸ਼ਟ ਸੀ ਕਿ ਵਿਆਹ ਤੋਂ ਕੁੱਝ ਸਮੇਂ ਬਾਅਦ ਦੋਵੇਂ ਪਤੀ -ਪਤਨੀ ਦੀ ਅਣਬਣ ਹੋ ਗਈ ਹੈ। ਵਿਆਹੁਤਾ ਜੀਵਨ ਲੜਖੜਾ ਗਿਆ।ਹੁਣ ਉਹ ਇੱਕ ਦੂਜੇ ਨੂੰ ਮਿਲ ਕੇ ਖੁਸ਼ ਨਹੀਂ ਸਨ,ਜਿਸ ਕਾਰਨ ਉਨ੍ਹਾਂ ਦਾ ਗ੍ਰਹਿਸਥੀ ਜੀਵਨ ਵੀ ਨਿਰਾਸ਼ਤਾ ਵਾਲੇ ਪਾਸੇ ਵੱਲ ਜਾ ਰਿਹਾ ਸੀ।ਦੋਵੇਂ ਪਤੀ—ਪਤਨੀ ਆਪਸ ਵਿੱਚ ਕਈ ਵਾਰ ਲੜ ਪੈਂਦੇ ਤੇ ਕਈ ਕਈ ਦਿਨ ਨਾ ਬੋਲਦੇ।ਬੇਪਸੰਦ ਵਿਆਹ ਕਾਰਨ ਉਸ ਦੇ ਪੱਲੇ ਨਿਰਾਸ਼ਾ ਹੀ ਪਈ। ਉਹ ਸਮਝਦੀ ਸੀ ਕਿ ਮੈਨੂੰ ਅਨਪੜ੍ਹ ਦੇ ਨਾਲ ਜਕੜ ਦਿੱਤਾ ਹੈ , ਉਹ ਇਕ ਦੂਜੇ ਨੂੰ ਘਟ ਹੀ ਬੁਲਾਉਂਦੇ ਸਨ।ਪਰ ਉਹ ਆਚਰਨ ਦੀ ਸੱਚੀ ਸੀ ,ਭਾਵਕ ਸੀ ਜਿਸ ਕਾਰਨ ਉਹ ਤਿੰਨ ਸਾਲ ਮੰਜੇ ਤੇ ਪਈ ਰਹੀ ਤੇ ਮਾਨਸਿਕ ਰੋਗਣ ਹੋ ਗਈ।ਉਸਨੇ ਦੁੱਖ ਤਕਲੀਫਾਂ ਬਥੇਰੀਆਂ ਝੱਲੀਆਂ ,ਪ੍ਰੰਤੂ ਦਿਲ ਦੀ ਗੱਲ ਕਿਸੇ ਨਾਲ ਸਾਂਝੀ ਨਾ ਕੀਤੀ ।ਜਿਸ ਕਾਰਨ ਉਹ ਨਿਰਾਸ਼ਤਾ ਦੇ ਪਿੜ ਵਿੱਚ ਨਪੀੜੀ ਜਾ ਰਹੀ ਸੀ।ਮਾਪਿਆਂ ਵੱਲੋਂ ਉਸਦੀ ਮਰਜ਼ੀ ਤੋਂ ਬਿਨ੍ਹਾਂ ਕੀਤੇ ਵਿਆਹ ਕਾਰਨ ਭਰ ਜਵਾਨੀ ਵਿੱਚ ਹੀ ਉਸਦੇ ਚਿਹਰੇ ਦੀ ਰੌਣਕ ਜਾਂਦੀ ਰਹੀ ਸੀ। ਚਿਹਰਾ ਮੁਰਝਾ ਗਿਆ ਸੀ,ਉਹ ਬੁੱਢੀਆਂ ਵਾਂਗ ਜਾਪਣ ਲੱਗ ਪਈ ਸੀ।ਉਸਦੇ ਜਾਗਦੇ ਸੁਪਨੇ ਸੌਂ ਗਏ ਸਨ। ਉਹ ਦਿਨੇ ਵੀ ਅਕਸਰ ਸੁੱਤੀ ਅਵਸਥਾ ਵਿੱਚ ਕਲਪਨਾ ਕਰਦੀ ਸੀ।ਯਥਾਰਥ ਸਾਹਮਣੇ ਆਉਣ ਕਾਰਨ ਮੁਰਝਾ ਗਈ। ਉਸਨੂੰ ਗੱਲਬਾਤ ਰਾਹੀਂ ਉਸਾਰੂ ,ਸਾਰਥਿਕ ਸੁਝਾਅ ਦਿੱਤੇ ਗਏ। ਉਸਨੂੰ ਕਿਹਾ ਕਿ ਵਿਆਹ ਸਮੇਂ ਤੈਨੂੰ ਮਾਪਿਆਂ ਨਾਲ ਗੱਲ ਕਰਨੀ ਚਾਹੀਦੀ ਸੀ, ਪੜ੍ਹੇ ਲਿਖੇ ਹੋਣ ਦਾ ਫਾਇਦਾ ਲੈਣਾ ਚਾਹੀਦਾ ਸੀ,ਜ਼ਿੰਦਗੀ ਅਡਜਸਟਮੈਂਟ ਹੈ, ਤੈਨੂੰ ਆਪਣੀ ਗਲਤੀ ਸਵੀਕਾਰਨੀ ਚਾਹੀਦੀ ਹੈ।ਆਪਣੇ ਮਨ ਨੂੰ ਸਮਝਾ ਕੇ ਤੂੰ ਹੁਣ ਜ਼ਿੰਦਗੀ ਨੂੰ ਵਧੀਆ, ਖੂਬਸੂਰਤ ਬਣਾ ਸਕਦੀ ਹੈਂ।ਉਸਨੂੰ ਸਮਝਾਇਆ ਗਿਆ ਕਿ ਭਾਵੇਂ ਤੇਰਾ ਪਤੀ ਤੇਰੇ ਤੋਂ ਘੱਟ ਪੜ੍ਹਿਆ ਲਿਖਿਆ ਹੈ ਪ੍ਰੰਤੂ ਬਹੁਤ ਸਮਝਦਾਰ ,ਸੋਹਣਾ ਸੁਨੱਖਾ ਹੈ,ਚੰਗੀ ਦਿੱਖ ਦਾ ਨੌਜਵਾਨ ਹੈ।ਉਹ ਐਮ. ਏ . ਪਾਸ ਵਾਲਿਆਂ ਦੇ ਬਾਰਬਰ ਦੀ ਜਾਣਕਾਰੀ ਰੱਖਦਾ ਹੈ।ਤੈਨੂੰ ਬਹੁਤ ਪਸੰਦ ਤੇ ਪਿਆਰ ਕਰਦਾ ਹੈ ।ਉਹ ਚਾਹੁੰਦਾ ਹੈ ਤੂੰ ਹਸ ਕੇ ਗਲ ਕਰੇਂ।ਤੈਨੂੰ ਆਪਣੇ ਮਨ ਨੂੰ ਸਮਝਾਉਣਾ ਚਾਹੀਦਾ ਹੈ ਕਿ ਇਹੀ ਨਰਕ ਬਣਾਈ ਜ਼ਿੰਦਗੀ ਸਵਰਗ ਬਣ ਜਾਵੇਗੀ। ਆਪਣੀਆਂ ਸਾਰੀਆਂ ਕਲਪਨਾਵਾਂ ਆਪਣੇ ਬਣੇ ਪਤੀ ਨਾਲ ਜੋੜ। ਤੂੰ ਉਸ ਨਾਲ ਹਸ ਕੇ ਬੋਲ ਕੇ, ਹਰ ਗਲ ਮੰਨਵਾ ਸਕਦੀ ਹੈ ।ਉਹ ਰੁੱਖਾ ਜਾਂ ਕੌੜਾ ਬੋਲਣ ਵਾਲਾ ਨਹੀਂ, ਹਸਮੁੱਖ ਹੈ, ਚਿਹਰੇ ਤੇ ਰੌਣਕ ਹੈ। ਦਿਲੋਂ ਖੁਲ ਕੇ ਬੋਲ ਕੇ ,ਹਰ ਸੁੱਖ ਮਾਣ ਸਕਦੀ ਹੈਂ। ਖ਼ੁਸ਼ ਹੋ ਕੇ ਆਪਸ ਵਿੱਚ ਬੋਲੋਂਗੇ ਤਾਂ ਤੁਹਾਡੇ ਬੱਚੇ ਹੋਣਗੇ,ਦਿਲ ਲੱਗਿਆ ਰਹੇਗਾ। ਘਰ ਨੂੰ ਸਵਰਗ ਬਣਾਉਣਾ ਤੇਰੇ ਹੱਥ ਹੈ। ਬੀਤੇ ਨੂੰ ਭੁੱਲ ਜਾ।ਸਾਨੂੰ ਉਮੀਦ ਹੈ ਤੂੰ ਜ਼ਿੰਦਗੀ ਨੂੰ ਬਿਹਤਰ ਬਣਾਏਂਗੀ। ਉਸਦੇ ਚਿਹਰੇ ਦੇ ਬਦਲਦੇ ਹਾਵ ਭਾਵ ਸਾਡੀ ਗੱਲਾਂ ਦਾ ਅਸਰ ਕਬੂਲਦੇ ਮਹਿਸੂਸ ਹੋ ਰਹੇ ਸਨ।ਬਾਅਦ ਵਿੱਚ ਉਸਦੇ ਪਤੀ ਨੂੰ ਦੁਬਾਰਾ ਇਕੱਲੇ ਨੂੰ ਬੁਲਾ ਕੇ ਸਮਝਾਇਆ ਗਿਆ ਕਿ ਉਹ ਆਪਣੀ ਘਰਵਾਲੀ ਨੂੰ ਵੱਧ ਤੋਂ ਵੱਧ ਪਿਆਰ ਕਰੇ,ਮਿੱਠਾ ਬੋਲੇ, ਉਸਦੀ ਹਰ ਗੱਲ ਮੰਨੇ ਤਾਂ ਉਹ ਵੀ ਹਰ ਗਲ ਮੰਨੇਗੀ।ਘਰ ਸਵਰਗ ਬਣ ਜਾਵੇਗਾ। ਅਸੀਂ ਉਨ੍ਹਾਂ ਇੱਕ ਦੂਜੇ ਦੇ ਪ੍ਰਤੀ ਖਿੱਚ ਵਧਾਉਣ ਦੀ ਪੂਰੀ ਕੋਸ਼ਿਸ਼ ਕੀਤੀ।ਬਾਹਰ ਤੁਰਨ ਫਿਰਨ,ਵਧੀਆ ਜ਼ਿੰਦਗੀ ਜਿਊਣ ਦੇ ਬਹੁਤ ਸਾਰੇ ਸੁਝਾਅ ਦਿੱਤੇ ਗਏ।ਉਨ੍ਹਾਂ ਦੇ ਮਨ ਦੀ ਖਾਈ ਨੂੰ ਪੂਰਿਆ ਗਿਆ।ਇਸ ਤਰਾਂ ਉਨ੍ਹਾਂ ਨੂੰ ਤਿੰਨ — ਚਾਰ ਵਾਰ ਬੁਲਾਇਆ ਗਿਆ ,ਕੁੜੀ ਨੂੰ ਗੱਲ ਬਾਤ ਵਿਧੀ ਰਾਹੀਂ ਆਪਣੇ ਪਤੀ ਪ੍ਰਤੀ ਅਪਣਾਏ ਰਵੱਈਏ ਤੇ ਵਿਚਾਰਾਂ ਨੂੰ ਬਦਲਿਆ ਗਿਆ ।ਉਸਨੂੰ ਮਾਨਸਿਕ ਤੌਰ ਤੇ ਉਸਦੇ ਪਤੀ ਦੇ ਨੇੜੇ ਲਿਆਂਦਾ ਗਿਆ।ਉਹ ਜਿਹੜੀ ਆਪਣੇ ਪਤੀ ਨੂੰ ਬੁਲਾਉਂਦੀ ਨਹੀਂ ਸੀ, ਚੌਥੀ ਵਾਰ ਆਪਣੇ ਪਤੀ ਨਾਲ ਮੁਸਕਰਾਉਂਦੀ ਆ ਰਹੀ ਸੀ।ਉਹ ਜਦੋਂ ਦੋ ਸਾਲ ਬਾਅਦ ਮਿਲੀ ਤਾਂ ਉਸਦੀ ਗੋਦ ਬੱਚਾ ਚੁੱਕਿਆ ਹੋਇਆ ਸੀ। ਮੁਰਝਾਇਆ ਚਿਹਰਾ ਖਿੜਿਆ ਹੋਇਆ ਸੀ। ਇਸ ਤਰ੍ਹਾਂ ਅਸੀਂ ਉਸਦੀ ਜ਼ਿੰਦਗੀ ਵਿੱਚ ਖੁਸ਼ੀਆਂ ਮੋੜ ਲਿਆਂਦੀਆਂ।



**ਮਾਸਟਰ ਪਰਮਵੇਦ**
ਜੋਨ ਜਥੇਬੰਦਕ ਮੁਖੀ
ਤਰਕਸ਼ੀਲ ਸੁਸਾਇਟੀ ਪੰਜਾਬ ਏ-
86 ਅਫ਼ਸਰ ਕਲੋਨੀ ਸੰਗਰੂਰ
9417422349

# ਸਰਕਾਰੀ ਸਕੂਲਾਂ ਅਤੇ ਪ੍ਰਾਈਵੇਟ ਸਕੂਲਾਂ ਦਾ ਤੁਲਨਾਤਮਕ ਅਧਿਐਨ

ਭਾਰਤ ਵਿੱਚ ਸਿੱਖਿਆ ਪ੍ਰਣਾਲੀ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਮਿਲੇ-ਜੁਲੇ ਰੂਪ ਵਿੱਚ ਹੈ, ਜਿਨ੍ਹਾਂ ਦੇ ਆਪਣੇ-ਆਪਣੇ ਫਾਇਦੇ ਅਤੇ ਨੁਕਸਾਨ ਹਨ। ਇਹ ਤੁਲ-ਨਾਤਮਕ ਅਧਿਐਨ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵੱਖ-ਵੱਖ ਪੱਖਾਂ ਦੀ ਵਿਸ਼ਲੇਸ਼ਣਾ ਕਰਨ ਦਾ ਉਦੇਸ਼ ਰੱਖਦਾ ਹੈ, ਜਿਸ ਵਿੱਚ ਢਾਂਚਾ, ਸਿੱਖਿਆ ਦੀ ਗੁਣਵੱਤਾ, ਅਧਿਆਪਕਾਂ ਦੀ ਯੋਗਤਾ, ਪਾਠਕ੍ਰਮ, ਫੀਸ, ਵਿਦਿਆਰਥੀ ਪ੍ਰਦਰਸ਼ਨ ਅਤੇ ਕੁੱਲ ਪਹੁੰਚ ਸ਼ਾਮਿਲ ਹਨ।

1. ਢਾਂਚਾ

• ਸਰਕਾਰੀ ਸਕੂਲ:

• ਆਮ ਤੌਰ 'ਤੇ ਬੁਨਿਆਦੀ ਢਾਂਚਾ ਹੁੰਦਾ ਹੈ, ਜਿਸ ਵਿੱਚ ਕਲਾਸਰੂਮ, ਬਲੈਕ ਬੋਰਡ ਅਤੇ ਸੀਮਿਤ ਸੁਵਿਧਾਵਾਂ ਸ਼ਾਮਿਲ ਹੋ ਸਕਦੀਆਂ ਹਨ।

• ਬਹੁਤ ਸਾਰੇ ਸਰਕਾਰੀ ਸਕੂਲਾਂ ਨੂੰ ਫੰਡ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਇਮਾਰਤਾਂ ਅਤੇ ਸੁਵਿਧਾਵਾਂ ਦੀ ਸੰਭਾਲ ਵਿੱਚ ਕਮੀ ਆਉਂਦੀ ਹੈ।

• ਆਧੁਨਿਕ ਸੁਵਿਧਾਵਾਂ ਜਿਵੇਂ ਕਿ ਲਾਇਬ੍ਰੇਰੀਆਂ, ਲੈਬੋਰਟਰੀਆਂ ਅਤੇ ਖੇਡ ਸੁਵਿਧਾਵਾਂ ਦੀ ਪਹੁੰਚ ਅਕਸਰ ਸੀਮਿਤ ਹੁੰਦੀ ਹੈ।

• ਪ੍ਰਾਈਵੇਟ ਸਕੂਲ:

• ਆਮ ਤੌਰ 'ਤੇ ਵਧੀਆ ਢਾਂਚਾ ਹੁੰਦਾ ਹੈ ਜਿਸ ਵਿੱਚ ਚੰਗੀ ਤਰ੍ਹਾਂ ਸੰਭਾਲੀਆਂ ਇਮਾਰਤਾਂ, ਆਧੁਨਿਕ ਕਲਾਸਰੂਮ ਅਤੇ ਤਕਨੀਕੀ ਵਿਕਸਤ ਸੁਵਿਧਾਵਾਂ ਹੁੰਦੀਆਂ ਹਨ।

• ਬਹੁਤ ਸਾਰੇ ਪ੍ਰਾਈਵੇਟ ਸਕੂਲ ਵਾਧੂ ਸੁਵਿਧਾਵਾਂ ਜਿਵੇਂ ਕਿ ਲਾਇਬ੍ਰੇਰੀਆਂ, ਵਿਗਿਆਨ ਲੈਬ, ਕੰਪਿਊਟਰ ਲੈਬ ਅਤੇ ਖੇਡ ਕੰਪਲੈਕਸ ਦੀ ਪੇਸ਼ਕਸ਼ ਕਰਦੇ ਹਨ।

• ਕੁੱਲ ਮਾਹੌਲ ਅਕਸਰ ਸਿੱਖਣ ਲਈ ਵਧੀਆ ਹੁੰਦਾ ਹੈ ਜੋ ਚੰਗੀ ਸੰਭਾਲ ਅਤੇ ਸੁਵਿਧਾਵਾਂ ਕਾਰਨ ਹੁੰਦਾ ਹੈ।

2. ਸਿੱਖਿਆ ਦੀ ਗੁਣਵੱਤਾ

• ਸਰਕਾਰੀ ਸਕੂਲ:

• ਸਿੱਖਿਆ ਦੀ ਗੁਣਵੱਤਾ ਬਹੁਤ ਵਾਰੀ ਵੱਖ-ਵੱਖ ਹੁੰਦੀ ਹੈ; ਜਦੋਂ ਕਿ ਕੁਝ ਸਰਕਾਰੀ ਸਕੂਲ ਚੰਗਾ ਪ੍ਰਦਰਸ਼ਨ ਕਰਦੇ ਹਨ, ਦੂਜੇ ਸਰਕਾਰੀ ਸਕੂਲ ਸੰਸਾਧਨਾਂ ਦੀ ਘਾਟ ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹਨ।

• ਕੁਝ ਖੇਤਰਾਂ ਵਿੱਚ ਅਧਿਆਪਕਾਂ ਦੀ ਖਾਲੀ ਪੋਸਟਾਂ ਇੱਕ ਚਿੰਤਾ ਦਾ ਕਾਰਨ ਹੈ, ਜੋ ਸਿੱਖਿਆ ਦੀ ਸਥਿਰਤਾ ਨੂੰ ਪ੍ਰਭਾਵਿਤ ਕਰਦੀ ਹੈ।

•ਸਿੱਖਿਆ ਖੇਤਰ ਦੇ ਰੋਜ਼ਾਨਾ ਤਜ਼ਰਬੇ ਤੇ ਪ੍ਰੋਜੈਕਟਾਂ ਕਾਰਣ ਰੋਟ ਲਰਨਿੰਗ 'ਤੇ ਧਿਆਨ ਦਿੱਤਾ ਜਾਂਦਾ ਹੈ ਨਾ ਕਿ ਆਲੋਚਨਾਤਮਕ ਸੋਚ ਜਾਂ ਵਰਤੋਂਗਤ ਐਪਲੀਕੇਸ਼ਨ 'ਤੇ।

• ਪ੍ਰਾਈਵੇਟ ਸਕੂਲ:

• ਆਮ ਤੌਰ 'ਤੇ ਉੱਚ ਗੁਣਵੱਤਾ ਦੀ ਸਿੱਖਿਆ ਮੁਹੱਈਆ ਕਰਨ ਲਈ ਜਾਣੇ ਜਾਂਦੇ ਹਨ ਜਿਸ ਵਿੱਚ ਸਮੁੱਚੇ ਵਿਕਾਸ 'ਤੇ ਧਿਆਨ ਦਿੱਤਾ ਜਾਂਦਾ ਹੈ।

• ਛੋਟੀ ਕਲਾਸਾਂ ਅਧਿਆਪਕਾਂ ਤੋਂ ਵਧੇਰੇ ਨਿੱਜੀ ਧਿਆਨ ਲਈ ਮੌਕਾ ਦਿੰਦੀਆਂ ਹਨ।

• ਅਧਿਆਪਕਾਂ ਨਾਲ ਨਾਲ ਅਕਾਦਮਿਕਸ ਦੇ ਨਾਲ-ਨਾਲ ਵੱਖ-ਵੱਖ ਵਿਦਿਆਰਥੀ ਗਤੀਵਿਧੀਆਂ ਅਤੇ ਹੁਨਰ ਵਿਕਾਸ 'ਤੇ ਧਿਆਨ ਦਿੱਤਾ ਜਾਂਦਾ ਹੈ।

3. ਅਧਿਆਪਕਾਂ ਦੀ ਯੋਗਤਾ

• ਸਰਕਾਰੀ ਸਕੂਲ:

• ਅਧਿਆਪਕਾਂ ਨੂੰ ਆਮ ਤੌਰ 'ਤੇ ਬੈਚਲਰ ਡਿਗਰੀ (ਭ.ਓਦ) ਹੋਣੀ ਚਾਹੀਦੀ ਹੈ ਅਤੇ ਨੌਕਰੀ ਲਈ ਰਾਜ-ਪੱਧਰੀ ਪਰੀਖਿਆ ਪਾਸ ਕਰਨੀ ਹੁੰਦੀ ਹੈ।

• ਪ੍ਰਾਈਵੇਟ ਸੰਸਥਾਵਾਂ ਨਾਲੋਂ ਵੱਧ ਪੇਸ਼ੇਵਰ ਵਿਕਾਸ ਦੇ ਮੌਕੇ ਸੀਮਿਤ ਹੋ ਸਕਦੇ ਹਨ।

• ਪ੍ਰਾਈਵੇਟ ਸਕੂਲ:

• ਅਕਸਰ ਯੋਗਤਾ ਅਤੇ ਵਿਸ਼ੇਸ਼ੀਕ੍ਰਿਤ ਤਾਲੀਮ ਵਾਲੇ ਅਧਿਆਪਕਾਂ ਦੀ ਭਰਤੀ ਸਰਕਾਰੀ ਸਕੂਲਾਂ ਦੇ ਅਨਰੂਪ ਹੀ ਹੁੰਦੀ ਹੈ।

• ਬਹੁਤ ਸਾਰੇ ਪ੍ਰਾਈਵੇਟ ਸਕੂਲ ਆਪਣੇ ਅਧਿਆਪਕਾਂ ਲਈ ਨਿਰੰਤਰ ਤਾਲੀਮ ਅਤੇ ਵਰਕਸ਼ਾਪਾਂ ਦਾ ਆਯੋਜਨ ਕਰਦੇ ਹਨ ਤਾਂ ਜੋ ਉਹ ਆਪਣੀਆਂ ਸਿਖਾਉਣ ਵਾਲੀਆਂ ਵਿਧੀਆਂ ਨੂੰ ਸੁਧਾਰ ਸਕਣ।

4. ਪਾਠਕ੍ਰਮ

• ਸਰਕਾਰੀ ਸਕੂਲ:

• ਰਾਜ-ਮੰਡੀਤ ਪਾਠਕ੍ਰਮ ਦਾ ਪਾਲਣ ਕਰਦੇ ਹਨ, ਜੋ ਹਮੇਸ਼ਾ ਨਵੀਨੀਕਰਨ ਜਾਂ ਮੌਜੂਦਾ ਸਿੱਖਿਆ ਦੇ ਰੁਝਾਨਾਂ ਦੇ ਨਾਲ ਸਮੰਜਸਿਤ ਨਹੀਂ ਹੁੰਦਾ।

• ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪਾਠਕ੍ਰਮ ਨੂੰ ਅਡਜਸਟ ਕਰਨ ਵਿੱਚ ਸੀਮਿਤ ਲਚਕੀਲਾ ਹੁੰਦਾ ਹੈ।

• ਪ੍ਰਾਈਵੇਟ ਸਕੂਲ:

• ਆਪਣੇ ਆਪ ਦਾ ਪਾਠਕ੍ਰਮ ਡਿਜ਼ਾਇਨ ਕਰਨ ਦੀ ਆਜ਼ਾਦੀ ਰੱਖਦੇ ਹਨ, ਅਕਸਰ ਆਧੁਨਿਕ ਸਿੱਖਣ ਦੇ ਤਰੀਕੇ ਅਤੇ ਅੰਤਰਰਾਸ਼ਟਰ ਮਿਆਰ ਨੂੰ ਸ਼ਾਮਿਲ ਕਰਦੇ ਹਨ।

• ਬਹੁਤ ਸਾਰੇ ਪ੍ਰਾਈਵੇਟ ਸਕੂਲ ਵਾਧੂ ਵਿਸ਼ਿਆਂ ਦੀ ਪੇਸ਼ਕਸ਼ ਕਰਦੇ ਹਨ ਜਿਵੇਂ ਕਿ ਵਿਦੇਸ਼ੀ ਭਾਸ਼ਾਵਾਂ, ਕੰਪਿਊਟਰ ਵਿਗਿਆਨ ਅਤੇ ਕਲਾ।

5. ਫੀਸ ਅਤੇ ਯੋਗਤਾ

• ਸਰਕਾਰੀ ਸਕੂਲ:

• ਸਿੱਖਿਆ ਮੁਫਤ ਜਾਂ ਬਹੁਤ ਘੱਟ ਕੀਮਤ 'ਤੇ ਹੁੰਦੀ ਹੈ, ਜਿਸ ਨਾਲ ਇਹ ਸਭ ਸਮਾਜਿਕ-ਆਰਥਿਕ ਵਰਗਾਂ ਲਈ ਉਪਲਬਧ ਹੁੰਦੀ ਹੈ।

• ਯੂਨੀਫਾਰਮ, ਪੁਸਤਕਾਂ ਅਤੇ ਆਵਾਜਾਈ ਤੋਂ ਨਾ ਮਾਤਰ ਖਰਚੇ ਹੋ ਸਕਦੇ ਹਨ।

• ਪ੍ਰਾਈਵੇਟ ਸਕੂਲ:

• ਟਿਊਸ਼ਨ ਫੀਸ ਕਾਫੀ ਉੱਚ ਹੋ ਸਕਦੀ ਹੈ, ਜਿਸ ਨਾਲ ਇਹ ਘੱਟ ਆਮਦਨੀ ਵਾਲੇ ਪਰਿਵਾਰਾਂ ਲਈ ਘੱਟ ਉਪਲਬਧ ਹੁੰਦੀ ਹੈ।

• ਹਾਲਾਂਕਿ, ਬਹੁਤ ਸਾਰੇ ਪ੍ਰਾਈਵੇਟ ਸਕੂਲ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਨੂੰ ਸਮਰਥਨ ਦੇਣ ਲਈ ਸਕੋਲਰਸ਼ਿਪ ਜਾਂ ਵਿੱਤੀ ਸਹਾਇਤਾ ਕਾਰਜਕ੍ਰਮ ਪ੍ਰਦਾਨ ਕਰਦੇ ਹਨ।

6. ਵਿਦਿਆਰਥੀ ਪ੍ਰਦਰਸ਼ਨ

• ਸਰਕਾਰੀ ਸਕੂਲ:

• ਪ੍ਰਦਰਸ਼ਨ ਬਹੁਤ ਵਾਰੀ ਵੱਖ-ਵੱਖ ਹੁੰਦਾ ਹੈ; ਕੁਝ ਵਿਦਿਆਰਥੀ ਉੱਤਮ ਪ੍ਰਦਰਸ਼ਨ ਕਰਦੇ ਹਨ ਜਦੋਂ ਕਿ ਦੂਜੇ ਸੰਸਾਧਨਾਂ ਅਤੇ ਸਮਰਥਨ ਦੀ ਘਾਟ ਕਾਰਨ ਮੁਸ਼ਕਿਲ ਦਾ ਸਾਹਮਣਾ ਕਰਦੇ ਹਨ।

• ਬੋਰਡ ਪਰੀਖਿਆਂ ਦੇ ਨਤੀਜੇ ਆਮ ਤੌਰ 'ਤੇ ਪ੍ਰਾਈਵੇਟ ਸਕੂਲਾਂ ਨਾਲੋਂ ਵੱਧ ਹੁੰਦੇ ਹਨ।

• ਪ੍ਰਾਈਵੇਟ ਸਕੂਲ:

• ਆਮ ਤੌਰ 'ਤੇ ਚੰਗੇ ਅਕਾਦਮਿਕ ਨਤੀਜੇ ਹਾਸਿਲ ਕਰਦੇ ਹਨ ।

• ਵਿਦਿਆਰਥੀਆਂ ਨੂੰ ਕੋਚਿੰਗ ਅਤੇ ਵਾਧੂ ਕਲਾਸਾਂ ਦੀ ਪਹੁੰਚ ਮਿਲਦੀ ਹੈ ਜੋ ਉਨ੍ਹਾਂ ਦੇ ਪ੍ਰਦਰਸ਼ਨ ਨੂੰ ਸੁਧਾਰਦੀ ਹੈ।

7. ਪਹੁੰਚ

• ਸਰਕਾਰੀ ਸਕੂਲ:

• ਗ੍ਰਾਮੀਣ ਖੇਤਰਾਂ ਵਿੱਚ ਵੱਧ ਪੱਧਰੀ ਹੁੰਦੀਆਂ ਹਨ; ਉਹਨਾਂ ਨੇ ਉਹਨਾਂ ਖੇਤਰਾਂ ਵਿੱਚ ਸਿੱਖਿਆ ਮੁਹੱਈਆ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ ਹੈ ਜਿੱਥੇ ਪ੍ਰਾਈਵੇਟ ਵਿਕਲਪ ਉਪਲਬਧ ਨਹੀਂ ਹੋ ਸਕਦੇ।

• ਪਹੁੰਚ ਕੁਝ ਕਾਰਨਾਂ ਨਾਲ ਰੁਕੀ ਹੋ ਸਕਦੀ ਹੈ ਜਿਵੇਂ ਕਿ ਖਰਾਬ ਢਾਂਚਾ ਅਤੇ ਅਧਿਆਪਕਾਂ ਦੀ ਘਾਟ।

• ਪ੍ਰਾਈਵੇਟ ਸਕੂਲ:

• ਆਮ ਤੌਰ 'ਤੇ ਸ਼ਹਿਰ ਅਤੇ ਅਧ-ਸ਼ਹਿਰੀ ਖੇਤਰਾਂ ਵਿੱਚ ਕੇਂਦ੍ਰਿਤ, ਜਿਸ ਨਾਲ ਇਹ ਗ੍ਰਾਮੀਣ ਖੇਤਰਾਂ ਵਿੱਚ ਘੱਟ ਪਹੁੰਚਯੋਗ ਬਣ ਜਾਂਦੇ ਹਨ।

• ਦਾਖਲਾ ਪ੍ਰਕਿਰਿਆ ਮੁਕਾਬਲੇ ਦੀ ਹੋ ਸਕਦੀ ਹੈ ਅਤੇ ਦਾਖਲਾ ਮਿਆਰ ਆਰਥਿਕ ਤੌਰ 'ਤੇ ਪਿਛੜੇ ਵਿਦਿਆਰਥੀਆਂ ਨੂੰ ਬਾਹਰ ਰੱਖ ਸਕਦਾ ਹੈ।

• ਕੁਝ ਪ੍ਰਾਈਵੇਟ ਸਕੂਲ ਯਾਤਰਾ ਸੇਵਾਵਾਂ ਵੀ ਪ੍ਰਦਾਨ ਕਰਦੇ ਹਨ ਜਿਸ ਨਾਲ ਦੂਰ ਰਹਿੰਦੇ ਪਰਿਵਾਰਾਂ ਲਈ ਪਹੁੰਚ ਸੁਧਰਦੀ ਹੈ।

ਪੰਜਾਬ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੀ ਤੁਲਨਾਤਮਕ ਅਧਿਐਨ ਸਿੱਖਿਆ ਦੇ ਮੌਕਿਆਂ ਦੇ ਇੱਕ ਜਟਿਲ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ। ਜਦੋਂ ਕਿ ਸਰਕਾਰੀ ਸਕੂਲ ਵਿਸ਼ੇਸ਼ਤ: ਗ੍ਰਾਮੀਣ ਖੇਤਰਾਂ ਵਿੱਚ ਸਿੱਖਿਆ ਦੀ ਪਹੁੰਚ ਮੁਹੱਈਆ ਕਰਦੇ ਹਨ, ਉਹ ਅਕਸਰ ਢਾਂਚਾ, ਅਧਿਆਪਕ ਗੁਣਵੱਤਾ ਅਤੇ ਸਰੋਤਾਂ ਦੀ ਉਪਲਬਧਤਾ ਨਾਲ ਸੰਬੰਧਤ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ। ਦੂਜੇ ਪਾਸੇ ਪ੍ਰਾਈਵੇਟ ਸਕੂਲ ਅਧਿਕਤਮ ਸੁਵਿਧਾਵਾਂ, ਨਿੱਜੀ ਧਿਆਨ ਅਤੇ ਉੱਚ ਅਕਾਦਮਿਕ ਪ੍ਰਦਰਸ਼ਨ ਪ੍ਰਦਾਨ ਕਰਦੇ ਹਨ, ਪਰ ਇਹ ਬਹੁਤ ਸਾਰੇ ਪਰਿਵਾਰਾਂ ਲਈ ਵਿੱਤੀ ਤੌਰ 'ਤੇ ਬਹੁਤ ਮਹਿੰਗੇ ਹੋ ਸਕਦੇ ਹਨ।

ਅਖੀਰ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਿੰਗ ਵਿਚਕਾਰ ਚੋਣ ਵਿਅਕਤੀਗਤ ਹਾਲਾਤਾਂ 'ਤੇ ਨਿਰਭਰ ਕਰ ਸਕਦੀ ਹੈ, ਜਿਸ ਵਿੱਚ ਆਰਥਿਕ ਸਥਿਤੀ, ਭੂਗੋਲਿਕ ਸਥਿਤੀ ਅਤੇ ਸਿੱਖਿਆ ਸੰਬੰਧੀ ਆਸ਼ਾਵਾਂ ਸ਼ਾਮਲ ਹਨ। ਨੀਤੀ ਬਣਾਉਣ ਵਾਲਿਆਂ ਅਤੇ ਅਧਿਆਪਕਾਂ ਨੂੰ ਇਸ ਦੋਨੋਂ ਖੇਤਰਾਂ ਵਿਚਕਾਰ ਦੇ ਫਰਕਾਂ ਨੂੰ ਦੂਰ ਕਰਨ ਲਈ ਸਹਿਯੋਗੀ ਢੰਗ ਨਾਲ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਸਾਰੇ ਵਿਦਿਆਰਥੀਆਂ ਨੂੰ ਗੁਣਵੱਤਾ ਵਾਲੀ ਸਿੱਖਿਆ ਮਿਲ ਸਕੇ ਜੋ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੇ ਅਤੇ ਉਨ੍ਹਾਂ ਨੂੰ ਭਵਿਖ ਲਈ ਤਿਆਰ ਕਰੇ।

ਸਰਕਾਰੀ ਸਕੂਲਾਂ ਦੇ ਢਾਂਚੇ ਨੂੰ ਸੁਧਾਰਨਾ, ਅਧਿਆਪਕ ਪ੍ਰਸ਼ਿਖਣ ਨੂੰ ਵਧਾਉਣਾ ਅਤੇ ਪਾਠਯਕ੍ਰਮ ਨੂੰ ਆਧੁਨਿਕ ਬਣਾਉਣਾ ਇਹ ਦੋਨੋਂ ਸਿਸਟਮਾਂ ਵਿਚਕਾਰ ਦੇ ਫਰਕ ਨੂੰ ਪੂਰਾ ਕਰਨ ਲਈ ਜ਼ਰੂਰੀ ਹੈ। ਇਸ ਤੋਂ ਇਲਾਵਾ, ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ ਵਿਚਕਾਰ ਭਾਈਚਾਰੇ ਨੂੰ ਉਤਸ਼ਾਹਿਤ ਕਰਨਾ ਇੱਕ ਹੋਰ ਸਮੱਗਰੀਕ ਰੂਪ ਵਿੱਚ ਸਿੱਖਿਆ ਦੇ ਪ੍ਰਵਾਹ ਨੂੰ ਬਣਾਉਣ ਲਈ ਲਾਭਦਾਇਕ ਹੋ ਸਕਦਾ ਹੈ ਜੋ ਪੰਜਾਬ ਵਿੱਚ ਸਾਰੇ ਵਿਦਿਆਰਥੀਆਂ ਨੂੰ ਫਾਇਦਾ ਦੇਵੇ।



**ਸੁਰਿੰਦਰਪਾਲ ਸਿੰਘ**
**ਸ੍ਰੀ ਅਮ੍ਰਿਤਸਰ ਸਾਹਿਬ।**

# ਤਾਕਤ ਦੇ ਟੀਕੇ

"ਕੀ ਹਾਲ ਹੈ ਮਾਸੀ ਤੇਰਾ"

"ਠੀਕ ਹੈ । ਕਾਫੀ ਫਰਕ ਹੈ ।" ਮਾਸੀ ਕੁਝ ਹੌਸਲੇ ਜਿਹੇ ਨਾਲ ਬੋਲੀ ।

"ਕਲ੍ਹ ਰਾਖੀ ਦੀ ਮੰਮੀ ਕਹਿੰਦੀ ਸੀ ਬਈ ਮਾਸੀ ਦੀ ਤਬੀਅਤ ਠੀਕ ਨਹੀਂ ਹੈ ।

"ਹਾਂ ਕਈ ਦਿਨਾਂ ਤੋਂ ਟੈਂਸ਼ਨ ਜਿਹੀ ਸੀ, ਘਬਰਾਹਟ ਤੇ ਕਮ॥ੋਰੀ ਵੀ ਸੀ ।"ਮਾਸੀ ਨੇ ਵਿਸਥਾਰ ਨਾਲ ਦੱਸਣ ਦੀ ਕੋਸ਼ਿਸ਼ ਕੀਤੀ ।

ਅੱਜ ਪੋਤਾ ਆਇਆ ਸੀ ਛੋਟਾ ਨੋਇਡਾ ਤੋਂ । ਭਾਵੇਂ ਸਾਰੀ ਰਾਤ ਦਾ ਉਨੀਂਦਰਾ ਸੀ ਉਸਨੂੰ । ਦੋ ਕੁ ਘੰਟੇ ਸੁੱਤਾ ਤੇ ਫਿਰ ਮੇਰੇ ਕੋਲ ਆ ਗਿਆ । ਢਾਈ ਤਿੰਨ ਘੰਟੇ ਬੈਠਾ ਰਿਹਾ ਮੇਰੇ ਕੋਲ। ਨਿੱਕੀਆਂ ਨਿੱਕੀਆਂ ਗਲਾਂ ਕਰਦਾ ਰਿਹਾ । ਜਾਣੀ ਕੁਝ ਸਰੀਰ ਨੂੰ ਤਾਕਤ ਮਿਲੀ । ਹੁਣ ਮੈਂ ਕਾਫੀ ਠੀਕ ਹਾਂ । ਮਾਸੀ ਨੇ ਤਬੀਅਤ ਦਾ ਰਾਜ ਦੱਸਿਆ । "ਡਾਕਟਰ ਨੇ ਕਿਹਾ ਸੀ ਚਾਰ ਪੰਜ ਤਾਕਤ ਦੇ ਟੀਕੇ ਲਗਾਉ ਫਿਰ ਸਰੀਰ 'ਚ ਕੁਝ ਜਾਨ ਪਵੇਗੀ । 4-5 ਦੀ ਬਜਾਏ ਮੈਂ 6-7 ਲਗਵਾ ਲਏ ਪਰ ਕੋਈ ਫਰਕ ਨਹੀਂ ਪਿਆ ।

"ਅੱਜ ਤਾਂ ਮੇਰਾ ਚਿੱਤ ਠੀਕ ਹੈ" ਮਾਸੀ ਨੇ ਦੱਸਿਆ ।

"ਮੈਨੂੰ ਤਾਂ ਇਉਂ ਲਗਦਾ ਹੈ ਕਿ ਮਾਤਾ ਨੂੰ ਤਾਂ ਪੋਤੇ ਦੀਆਂ ਗੱਲਾਂ ਨੇ ਠੀਕ ਕਰਤਾ ।"ਕੰਮ ਕਰਦੀ-2 ਮਾਤਾ ਦੀ ਛੋਟੀ ਨੂੰਹ ਨੇ ਆਪਣੀ ਰਾਇ ॥ਾਹਿਰ ਕੀਤੀ ।

"ਪੋਤਾ ਮੇਰਾ ਮੇਰੇ ਕੋਲ ਬੈਠਾ ਮੇਰੀਆਂ ਲੱਤਾਂ ਘੁੱਟਦਾ ਰਿਹਾ ਤੇ ਨਾਲੇ ਤੇਰੇ ਮਾਸੜ ਦੀਆਂ ਗੱਲਾਂ ਕਰਦਾ

ਰਿਹਾ । ਅਖੇ ਬਹੁਤ ਲਾਡ ਕਰਾਏ ਪਾਪਾ ਜੀ ਨੇ ਸਾਨੂੰ । ਕਦੇ ਕਿਸੇ ਗੱਲੋਂ ਸਾਨੂੰ ਪ੍ਰੇਸ਼ਾਨ ਨਹੀਂ ਸੀ ਹੋਣ ਦਿੱਤਾ । ਜੋ ਮੰਗਦੇ ਉਹੀ ਲਿਆ ਕੇ ਦਿੰਦੇ ਚਾਹੇ ਮਨਪਸੰਦ ਮੋਬਾਇਲ ਫੋਨ ਹੋਵੇ ਜਾਂ ਪਲਸਰ ਮੋਟਰ ਸਾਈਕਲ ਮਾਤਾ, ਪਾਪਾ ਜੀ ਤਾਂ ਬਹੁਤ ਗਰੇਟ ਸਨ " ਮਾਸੀ ਨੇ ਮਾਸੜ ਬਾਰੇ ਆਪਣੇ ਪੋਤੇ ਦੇ ਵਿਚਾਰ ਦੱਸੇ ।

"ਬੇਟਾ ਮੇਰਾ ਬੋਝਲ ਸਰੀਰ ਹੈ । ਕੰਮ ਮੈਥੋਂ ਹੁੰਦਾ ਨਹੀਂ । ਪਈ ਪਈ ਸੋਚਦੀ ਰਹਿੰਦੀ ਹਾਂ ਤੇ ਸੋਚਣ ਨਾਲ ਟੈਂਸ਼ਨ ਹੋ ਜਾਂਦੀ ਹੈ । ਮੇਰੇ ਕੋਲ ਕੋਈ ਦੁੱਖ ਸੁੱਖ ਸੁਨਣ ਵਾਲਾ ਹੀ ਨਹੀਂ ਹੁੰਦਾ। ਉਹ ਦੋਵੇਂ ਨੌਕਰੀ ਤੇ ਚਲੇ ਜਾਂਦੇ ਹਨ ਤੇ ਸ਼ਾਮ ਨੂੰ ਥੱਕੇ ਟੁੱਟੇ ਘਰ ਆਉਦੇ ਹਨ । ਘੜੀ ਪਲ ਆਰਾਮ ਵੀ ਕਰਨਾ ਹੁੰਦਾ ਹੈ । ਮੇਰੇ ਕੋਲ ਆਉਂਦੇ ਤਾਂ ਸਵੇਰੇ ਸ਼ਾਮ ਰੋ॥ ਹੀ ਹਨ । ਪਰ ਉਹਨਾਂ ਕੋਲ ਟਾਈਮ ਹੀ ਨਹੀਂ ਹੁੰਦਾ।ਛੋਟਾ ਸਵੇਰੇ ਦੁਕਾਨ ਤੇ ਚਲਾ ਜਾਂਦਾ ਹੈ ਤੇ ਨ੍ਹੇਰੇ ਪਏ ਮੁੜਦਾ ਹੈ । ਰਹਿ ਗਈ ਇਹ, ਇਸਨੇ ਕੰਮ ਵੀ ਤਾਂ ਕਰਨਾ ਹੁੰਦਾ ਹੈ ਘਰ ਦਾ ਨਿੱਕ ਸੁੱਕ । ਸਾਰੀ ਦਿਹਾੜੀ ਖੱਪਦੀ ਰਹਿੰਦੀ ਹੈ, ਘੜੀ ਪਲ ਵੀ ਆਰਾਮ ਨਹੀਂ ਮਿਲਦਾ ।" ਮਾਸੀ ਦੀ ਵਾਰਤਾ ਸੁਣ ਕੇ ਮੈਨੂੰ ਮਾਸੀ ਦੀ ਬੀਮਾਰੀ ਦੀ ਸਮਝ ਆ ਗਈ। ਤੇ ਮੈਂ ਉੱਠਣ ਦੀ ਕੋਸ਼ਿਸ਼ ਜਿਹੀ ਕੀਤੀ । ਤੇ ਮਾਸੀ ਨੇ ਬਾਂਹ ਫੜ੍ਹ ਕੇ ਫਿਰ ਬਿਠਾ ਲਿਆ।

"ਤੇਰਾ ਮਾਸੜ ਤਾਂ ਬੜਾ ਪੰਚਾਇਤੀ ਬੰਦਾ ਸੀ ।ਹਰ ਇੱਕ ਦੇ ਕੰਮ ਕਰਦਾ । ਕਿਹੜਾ

ਰਿਸ਼ਤੇਦਾਰ ਹੈ ਜਿਸਦੀ ਉਸਨੇ ਮੱਦਦ ਨਾ ਕੀਤੀ ਹੋਵੇ, ਭਾਵੇਂ ਕਿਸੇ ਨੂੰ ਪੈਸਿਆਂ ਦੀ ਲੋੜ ਹੋਵੇ, ਭਾਵੇਂ ਕੋਈ ਕੋਰਟ ਕਚਹਿਰੀ ਦਾ ਮਸਲਾ ਹੋਵੇ, ਚਾਹੇ ਕਿਸੇ ਨੇ ਘਰ ਖਰੀਦਣਾ ਹੁੰਦਾ ਤਾਂ ਭੱਜਿਆ ਤੇਰੇ ਮਾਸੜ ਕੋਲ ਆਉਂਦਾ। ਜੇ ਕਿਸੇ ਦੀ ਧੀ ਧਿਆਣੀ ਔਖੀ ਹੁੰਦੀ, ਸਹੁਰੇ ਤੰਗ ਕਰਦੇ ਹੁੰਦੇ, ਤਾਂ ਮੂਹਰੇਲੱ ਬਣਕੇ ਖੜ੍ਹਦਾ । ਕੁੜੀ ਵਸਾ ਕੇ ਦਮ ਲੈਂਦਾ ।ਕਈ ਵਾਰੀ ਤਾਂ ਕਈ ਦਿਨ ਪੰਚਾਇਤਾਂ ਵਿੱਚ ਜਾਂਦਾ ਤੇ ਫੈਸਲਾ ਕਰਵਾ ਕੇ ਹੀ ਮੁੜਦਾ । ਉਸ ਦੀਆਂ ਵਸਾਈਆਂ ਤਾਂ ਰਾਜ ਕਰਦੀਆਂ ਨੇ ਅੱਜ ਕਲ੍ਹ ।"

ਮਾਸੀ ਨੇ ਫਿਰ ਮਾਸੜ ਬਾਰੇ ਮੈਨੂੰ ਦੱਸਿਆ ।" ਮਾਸੜ ਸਾਡਾ ਵਾਕਿਆ ਧਾਕੜ ਸੀ ।

"ਪੋਤੇ ਤਾਂ ਮੇਰੇ ਚਾਰੇ ਹੀ ਬਹੁਤ ਚੰਗੇ ਆ । ਮੇਰਾ ਤਾਂ ਬਹੁਤ ਕਰਦੇ ਹਨ । ਕਰਦੇ ਆਪਣੇ ਪਾਪਾ ਦਾ ਵੀ ਬਹੁਤ ਸਨ । ਕਹਿੰਦੇ ਜਦੋਂ ਡਾਕਟਰ ਨੇ ਤੇਰੇ ਮਾਸੜ ਨੂੰ ਵੇਖ ਕੇ ਸਿਰ ਹਿਲਾ ਦਿੱਤਾ ਕਿ ਇਹ ਤਾਂ ਪੂਰਾ ਹੋ ਗਿਆ ਤਾਂ

ਛੋਟਾ ਪੋਤਾ ਉਸਦੇ ਗਲ ਪੈ ਗਿਆ ਤੇ ਜਦੋਂ ਅਮਰਜੀਤ ਸੁਨਿਆਰੇ ਨੇ ਕਹਿ ਦਿੱਤਾ ਕਿ ਹੁਣ ਇਸਦਾ ਸੋਨੇ ਦਾ ਕੜਾ ਉਤਾਰ ਲਉ। ਜੇਬ 'ਚੋਂ ਪੈਸੇ ਤੇ ਕਾਗ॥ ਕੱਢ ਕੇ ਸੰਭਾਲ ਲਉ ਤਾਂ ਇਹ ਉਸ ਨਾਲ ਲੜ ਪਿਆ । ਇਸ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਸਾਡਾ ਪਾਪਾ ਏਨੀ ਜਲਦੀ ਇਸ ਤਰ੍ਹਾਂ ਸਾਨੂੰ ਛੱਡ ਕੇ ਚਲਾ ਜਾਵੇਗਾ । ਤੇ ਆਹ ਸਾਡਾ ਛੋਟਾ ਉਸ ਸਦਮੇਂ ਵਿੱਚ ਆਪਣੀ ਸੁੱਧ ਬੁੱਧ ਖੋਈ ਬੈਠਾ ਰਿਹਾ । ਬਸ ਗੁੰਮ ਸੁੰਮ । ਰੱਬ ਦੀ ਕਰਨੀ ਵੇਖ ਕੇ ਗੁੱਸੇ 'ਚ ਆਕੇ ਇਹਨੇ ਦੋਵੇਂ ਹੱਥ ਅਲਮਾਰੀ ਦੇ ਸ਼ੀਸ਼ੇ ਤੇ ਮਾਰੇ ਤੇ ਖੂਨ ਦੀਆਂ ਘਰਾਲ੍ਹਾਂ ਚੱਲ ਪਈਆਂ। ਉੱਧਰੋਂ ਤਾਂ ਤੇਰੇ ਮਾਸੜ ਨੂੰ ਘਰ ਲੈ ਆਏ ਘਰ ਵਿੱਚ ਕੂ ਕਰਲਾਟਾ ਸੀ ਤੇ ਉਧਰ ਇਸਦੇ ਟਾਂਕੇ ਲਗਵਾ ਕੇ ਲਿਆਏ । ਇਹਨਾਂ ਚਾਰਾਂ ਦੇ ਦਿਲਾਂ ਨੂੰ ਬਹੁਤ ਗਹਿਰੀ ਸੱਟ ਵੱਜੀ ਸੀ । ਤੇ ਜਦੋਂ ਮੈਂ ਅੱਖਾਂ ਦਾ ਆਪਰੇਸ਼ਨ ਕਰਵਾਇਆ ਤਾਂ ਬੱਡਾ ਪੋਤਾ ਲਗਾਤਾਰ ਟਾਈਮ ਅਨੁਸਾਰ ਬਿਨਾ ਨਾਗਾ ਪਾਏ ਦਵਾਈ ਪਾਉਂਦਾ ਰਿਹਾ। ਕਈ ਵਾਰ ਮੈਂ ਭੁੱਲ ਜਾਂਦੀ ਪਰ ਇਹ ਨਾਂ ਭੁੱਲਦਾ । ਜੇ ਬ॥ਾਰ ਯਾਰਾਂ ਦੋਸਤਾਂ ਕੋਲੇ ਵੀ ਹੁੰਦਾ ਤਾਂ ਦਵਾਈ ਪਾਉਣ ਦੇ ਟਾਈਮ ਤੇ ਘਰ ਆ ਜਾਂਦਾ । ਪਿਛੇ ਜਿਹੇ ਜਦੋਂ ਅਸੀਂ 10-12 ਦਿਨ ਬਠਿੰਡੇ ਰਹੇ ਤਾਂ ਇਹ ਵੱਡਾ ਆਪਣੇ ਮੰਮੀ ਡੈਡੀ ਕੋਲ ਸੀ । ਉਝ ਭਾਵੇਂ ਉਹ ਮੇਰੇ ਨਾਲ ਰੋ॥ ਲੜ ਪੈਂਦਾ ਸੀ ਪਰ ਮੇਰੇ ਬਿਨਾ ਬਹੁਤ ਓਦਰ ਗਿਆ । ਸਾਰਾ ਸਾਰਾ ਦਿਨ ਰੋਂਦਾ ਰਹਿੰਦਾ ਅਖੇ ਮਾਤਾ ਤੇਰੇ ਬਿਨਾ ਦਿਲ ਨਹੀਂ ਲਗਦਾ । ਮੈਨੂੰ ਪਤਾ ਹੈ ਮੇਰੇ ਬਿਨਾ ਇਹਨੇ ਉਹ ਦਿਨ ਕਿਵੇਂ ਕੱਟੇ । ਮੇਰਾ ਬਹੁਤ ਕਰਦਾ ਹੈ ।" ਨੀ ਰਾਣੀ, ਰੋਟੀ ਦੇ ਮੈਨੂੰ ਭੁੱਖ ਜਿਹੀ ਲੱਗੀ ਆ।" ਗੱਲਾਂ ਕਰਦੀ ਕਰਦੀ ਮਾਸੀ ਨੇ ਛੋਟੀ ਨੂੰਹ ਕੋਲੋਂ ਰੋਟੀ ਮੰਗ ਲਈ । ਮਾਸੀ ਮੈਨੂੰ ਠੀਕ ਲੱਗੀ ਤੇ ਉਥੇ ਬੈਠੀ-2 ਦੋ ਫੁਲਕੇ ਖਾ ਗਈ ।

" ਲੋਕਾਂ ਦੀਆਂ ਧੀਆਂ ਆਉਂਦੀਆਂ ਨੇ, ਸੌ ਦੁੱਖ ਸੁੱਖ ਕਰਦੀਆਂ ਨੇ। ਪਰ ਸਾਡੀ, ਪਹਿਲਾਂ ਤਾਂ ਆਉਂਦੀ ਘੱਟ ਹੈ, ਅਖੇ ਮੈਨੂੰ ਟੈਮ ਨਹੀਂ ਮਿਲਦਾ, ਬੱਚੇ ਪੜ੍ਹਦੇ ਆ । ਜੇ ਆਜੇ ਤਾਂ ਆਖੂ ਬਸ ਗੁਰੂ ਗੁਰੂ ਕਰੋ । ਸਿਮਰਨ ਕਰੋ । ਨਾ ਚੁਗਲੀ ਸੁਣੋ ਤੇ ਨਾ ਕਰੋ । ਉਹ ਕਿਸੇ ਦੀ ਕਰਦੀ ਵੀ ਨਹੀਂ । ਅਖੇ ਮੈਂ ਘੜੀ ਪਲ ਲਈ ਆਈ ਹਾਂ ਤੇ ਮੈਂ ਭੈਣ ਭਰਾਵਾਂ ਨਾਲ ਫਿੱਕੀ ਕਿਉਂ ਪਵਾਂ। ਮਾਤਾ ਤੂੰ ਬਸ ਰੱਬ ਦਾ ਨਾਂ ਲਿਆ ਕਰ। ਨਾ ਕਿਸੇ ਦਾ ਦੁੱਖ ਉਹ ਸੁਣੇ ਤੇ ਨਾ ਆਪਣਾ ਸੁਣਾਵੇ । ਪਤਾ ਨਹੀਂ ਢਿੱਡ ਵਿੱਚ ਕਿੰਨੀਆਂ ਗੰਢਾਂ ਲਈ ਫਿਰਦੀ ਹੈ ਉਹ ।" ਮਾਸੀ ਨੇ ਧੀ ਦਾ ਦੁੱਖੜਾ ਵੀ ਰੋਇਆ । ਪਰ ਮੈਨੂੰ ਤਾਂ ਉਸਦੀਆਂ ਗੱਲਾਂ ਚੰਗੀਆਂ ਲੱਗੀਆਂ । ਨਹੀਂ ਤਾਂ ਅੱਜ ਕੱਲ ਦੇ ॥ਮਾਨੇ 'ਚ ਕਿਹੜਾ ਹੈ ਜਿਹੜਾ ਕਿਸੇ ਦੀ ਚੁਗਲੀ ਨਾ ਕਰਦਾ ਹੋਵੇ ਤਓੁ ਕਿਹੜਾ ਚਟਕਾਰੇ ਲੈਕੇ ਨਾ ਸੁਣਦਾ ਹੋਵੇ । ਪਰ ਵੱਡੀ ਉਮਰ ਦੇ ਬੰਦਿਆਂ ਨੂੰ ਤਾਂ ਕੋਈ ਸੁਣਨ-ਵਾਲਾ ਚਾਹੀਦਾ ਹੈ ਨਹੀਂ ਤਾਂ ਉਹ ਬੀਮਾਰ ਪੈ ਜਾਂਦੇ ਹਨ । ਮਾਸੀ ਨੂੰ ਵੀ ਤਾਂ ਇਹੀ ਬੀਮਾਰੀ ਸੀ ।

" ਮੇਰਾ ਕਰਦੇ ਤਾਂ ਬਹੁਤ ਨੇ ਸਾਰੇ । ਜੇ ਮੈਂ ਮਾੜੀ ਜਿਹੀ ਢਿੱਲੀ ਹੋਵਾਂ ਤਾਂ ਵੱਡਾ ਫੱਟ ਦਵਾਈ ਦਵਾ ਲਿਆਉੱਦਾ ਹੈ ਕਦੇ ਅੱਖਾਂ ਦੀ ਤੇ ਕਦੇ ਕੋਈ ਤੇ ਛੋਟਾ ਵਾਰੀਫ਼-2 ਪੁੱਛੂ ਮਾਤਾ ਨੇ ਰੋਟੀ ਖਾ ਲਈ, ਆਜਾ ਮਾਤਾ ਮੇਰੇ ਨਾਲ ਖਾ ਲੈ । ਮਾਤਾ ਆਹ ਖਾ ਲੈ ਮਾਤਾ ਉਹ ਖਾ ਲੈ । ਭਈ ਮੂੰਹ ਕੀਤੀ ਵਡਿਆਈ ਹੈ, ਮੇਰੀਆਂ ਤਾਂ ਨੂੰਹਾਂ ਵੀ ਬਹੁਤ ਚੰਗੀਆਂ ਨੇ । ਖਾਣ ਨੂੰ ਜੋ ਮੰਗਾਂ ਬਣਾ ਕੇ ਦਿੰਦੀਆਂ ਨੇ। ਮਾਤਾ ਕਪੜੇ ਬਦਲ ਲੈ- ਮੈਲੇ ਹੋਗੇ । ਮਾਤਾ ਨਹਾ ਲੈ । ਲੈ, ਮਾਤਾ ਗਰਮ- ਗਰਮ ਰੋਟੀ ਖਾ ਲੈ । ਜਦੋਂ ਮੇਰਾ ਆਪਰੇਸ਼ਨ ਹੋਇਆ ਤਾਂ ਚੰਡੀਗੜ੍ਹ ਵੱਡੀ ਮੈਨੂੰ ਆਈ ਸੀ ਯੂ ਵਿੱਚ ਵੇਖਣ ਗਈ ਤੇ ਵਾਪਸੀ ਤੇ ਰੋਂਦੀ ਆਵੇ ਆਖੇ ਮਾਤਾ ਤਾਂ ਬਹੁਤ ਤਕਲੀਫ ਵਿੱਚ ਹੈ ।ਉਥੇ ਇੱਕ ਮਰੀ॥ ਦੀ ਮਾਤਾ ਤਾਂ ਦੇਖ ਕੇ ਹੈਰਾਨ ਹੋ ਗਏ ਕਿ ਤੂੰ ਤਾਂ ਕਹਿੰਦੀ ਸੀ

ਮੇਰੀ ਨੂੰਹ ਹੈ ਇਹ ਤਾਂ ਧੀਆਂ ਦੀ ਤਰ੍ਹਾਂ ਰੋਈ ਜਾਂਦੀ ਹੈ ਤੇ ਮੈਨੂੰ ਵੀ ਬੜਾ ਮਾਣ ਜਿਹਾ ਹੋਇਆ ਇਹ ਸੁਣ ਕੇ । ਮੇਰੀਆਂ ਤਾਂ ਨੂੰਹਾਂ ਹੀ ਮੇਰੀਆਂ ਧੀਆਂ ਹਨ ਮੈਂ ਉਸਨੂੰ ਕਿਹਾ ਤਾਂ ਉਹ ਬਹੁਤ ਖੁਸ਼ ਹੋਈ ।ਇਹ ਤਾਂ ਕਰਦੀਆਂ ਹੀ ਹਨ । ਗਲੀ ਵਿੱਚ ਵੀ ਉਹ ਕਿਹੜੀ ਹੈ ਜਿਹੜੀ ਮੱਥਾ ਨਾ ਟੇਕੇ । ਆਜਾ ਮਾਸੀ, ਬੈਠ ਜਾ ਮਾਸੀ, ਸਾਰੀ ਗਲੀ ਮਾਸੀ ਮਾਸੀ ਕਰਦੀ ਹੈ ਤੇ ਬਾਹਰ ਵੀ ਜਿਹੜੇ ਤੇਰੇ ਮਾਸੜ ਨੂੰ ਜਾਣਦੇ ਸਨ । ਸਾਰੇ ਜਦੋਂ ਮਿਲਦੇ ਹਨ ਹੱਥ ਜੋੜਦੇ ਹਨ । ਬਹੁਤ ਇੱ॥ਤ ਕਰਦੇ ਹਨ। ਸਭ ਤੇਰੇ ਮਾਸੜ ਦੀ ਲਿਆਕਤ ਦਾ ਹੀ ਫਲ ਹੈ ।

ਚੰਗਾ ਮਾਸੀ ਮਾਸੀ ਚਲਦਾ ਹਾਂ । ਕੁਲੈਕ±ਸ਼ਨ ਵੀ ਕਰਨੀ ਹੈ ਤੇ ਅਖਬਾਰ ਵੀ ਵੰਡਣੇ ਹਨ

ਤੇ ਮੈਂ ਮਾਸੀ ਤੋਂ ਇਜਾਜਤ ਲੈ ਕੇ ਆ ਗਿਆ । ਇਹਨਾਂ ਬਜੁਰਗਾਂ ਨੂੰ ਬੀਮਾਰੀ ਦੀ ਦਵਾਈ ਦੀ ਨਹੀਂ' ਬਲਕਿ ਸਾਥ ਦੀ ਲੋੜ ਹੈ, ਉਹਨਾਂ ਸਰੋਤਿਆਂ ਦੀ ਲੋੜ ਹੈ ਜਿਹੜੇ ਉਹਨਾਂ ਨੂੰ ਸੁਣ ਸਕਣ ਤੇ ਹੁੰਗਾਰਾ ਭਰਨ ।



ਰਮੇਸ਼ ਸੇਠੀ ਬਾਦਲ
9876627233

## ਸਭ ਦੀਆਂ ਮਾਵਾਂ

ਮਾਂ ਦੀ ਸਿਫ਼ਤ ਵਿੱਚ ਬਹੁਤਿਆਂ ਲਿਖਿਆ
ਜਿੰਨਾ ਲਿਖਿਆ ਘੱਟ ਲਿਖਿਆ।
ਕਿਸੇ ਨੇ ਪਹਿਲੀ ਗੁਰੂ ਲਿਖਿਆ
ਕਿਸੇ ਨੇ ਮਾਂ ਨੂੰ ਰੱਬ ਲਿਖਿਆ
ਜੀਹਨੇ ਵੀ ਜੋ ਜੋ ਲਿਖਿਆ ਹੈ
ਸਭ ਨੇ ਹੀ ਹੈ ਸੱਚ ਲਿਖਿਆ।

ਮੈਨੂੰ ਮਾਂ ਜਾਪੇ ਠੰਡੀ ਛਾਂ ਜੇਹੀ
ਕਦੇ, ਘਣਿਆ ਜਿਹਾ ਕੋਈ ਰੁੱਖ ਲੱਗਿਆ
ਸੀਸਾਂ ਤੇਰੀਆ ਮਿੱਠੇ ਫਲ ਨੇ
ਕਦੇ ਬੁੱਕਲ ਦਾ ਨਿੱਘ ਲੱਗਿਆ।
ਤੇਰੇ ਝਿੜਕੇ ਕਦੇ ਨਾ ਰਿੜਕੇ
ਜਿਵੇਂ ਦੇਸੀ ਘਿਉ ਜਾਂ ਦੁੱਧ ਲੱਗਿਆ।

ਇਹੀ ਦੁਆਵਾਂ ਸਭ ਦੀਆਂ ਮਾਵਾਂ
ਦੀ ਉਮਰ ਲਮੇਰੀ ਹੋ ਜਾਵੇ
ਹਰ ਧੀ ਤੇ ਹਰ ਪੁੱਤ ਦੇ ਲਈ
ਹਰ ਦਿਨ ਹੀ ਮਾਂ ਦਾ ਦਿਨ ਹੋ ਜਾਵੇ
ਨਾ ਧੀ ਪੁੱਤ ਵਿਛੜੇ ਨਾ ਮਾਂ ਕਦੇ ਜਾਵੇ
ਹੋਰ 'ਗੜ੍ਹੀ ' ਭਲਾ ਕੀ ਚਾਵੇ!



Ashlesh Kumar

## ਨਹੀਂ ਹੁੰਦੇ

ਲੜਨੇ ਵਾਲੇ ਲੋਕ ਕਦੇ ਸਿਆਣੇ ਨਹੀਂ ਹੁੰਦੇ,
ਸਿਆਣਪ ਕਰਨ ਤਾਂ ਉਲਝੇ ਤਾਣੇ ਨਹੀਂ ਹੁੰਦੇ ।
ਸਾਜਿਸ਼ ਸਮਝੋ ਕਿਸ ਦੀ, ਸੋਚੋ ਹਰ ਵੇਲੇ?
ਸਦਾ ਮੰਨਣੇ ਉੱਪਰ ਵਾਲੇ ਦੇ ਭਾਣੇ ਨਹੀਂ ਹੁੰਦੇ ।
ਡੂੰਘੀ ਸੋਚ ਵਿਚਾਰ ਕਰਨ ਲਈ ਸਮਾਂ ਰੱਖੋ,
ਖੜ੍ਹਕਾਉਣੇ ਰੋਜ਼ ਢੋਲਕੀਆਂ ਛਾਣੇ ਨਹੀਂ ਹੁੰਦੇ ।
ਨਿਮਰਤਾ ਰੱਖੋ, ਹੋਰਾਂ ਨੂੰ ਖੁਦ ਵਰਗੇ ਸਮਝੋ,
ਅਵਤਾਰ ਦੂਜੇ ਲੋਕ ਹਮੇਸ਼ਾਂ ਢਾਣੇ ਨਹੀਂ ਹੁੰਦੇ ।



ਅਵਤਾਰ ਤਰਕਸ਼ੀਲ ਨਿਊਜ਼ੀਲੈਂਡ
ਜੱਦੀ ਪਿੰਡ ਖੁਰਦਪੁਰ (ਜਲੰਧਰ)
006421392147

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com